ISSN 0972-2335

# ਅੰਮ੍ਰਿਤ ਕੀਰਤਨ



ਗੁਰੂ ਅੰਗਦ ਦੇਵ ਜੀ ਬੱਚਿਆਂ ਨੂੰ ਗੁਰਮੁਖੀ ਪੜ੍ਹਾਉਂਦੇ ਹੋਏ।

ਸੰਪਾਦਕ
ਡਾ. ਜਾਗੀਰ ਸਿੰਘ

ਦਸੰਬਰ 2023

ਮੁੱਲ 15/-



## ਕੁਦਰਤ ਕੇ ਸਭ ਬੰਦੇ

ਨੱਕ ਕੰਨ ਇੱਕੋ ਅੱਖੀਂ ਦੰਦ ਇੱਕੋ,
ਹੱਥ ਪੈਰ ਤੇ ਹੋਰ ਸ਼ਰੀਰ ਇੱਕੋ ।

ਖਾਵਣ ਲਈ ਸਭ ਖਾਂਵਦੇ ਵਸਤ ਇੱਕੋ,
ਪਹਿਨਣ ਲਈ ਸਭ ਪਾਂਵਦੇ ਚੀਜ਼ ਇੱਕੋ ।

ਕਾਮ ਕਰੋਧ ਲੋਭ ਮੋਹ ਹੰਕਾਰ ਪੰਜੇ,
ਸਭੇ ਵਸਦਾ ਆਤਮਾ ਪੀਰ ਇੱਕੋ ।

ਦਇਆ, ਖਿਮਾਂ ਤੇ ਸ਼ੀਲਤਾ ਸਭੀ ਇੱਕੋ,
ਸਬਰ ਸ਼ਾਂਤੀ ਅਤੇ ਮਨ ਧੀਰ ਇੱਕੋ ।

ਕਿਹੜੀ ਗਲ ਦਾ ਵਿਤਕਰਾ ਪਾਇਆ ਨੇ,
ਇੱਥੇ ਦਿਸਦੀ ਅੱਡਰੀ ਚੀਜ਼ ਕੋਈ ਨਾ ।

ਖਿੱਚੋ ਤਾਣ ਹੈ ਪਾਈ ਭੁਲੇਖਿਆਂ ਨੇ,
ਚੰਗੀ ਮੰਦੀ ਦੀ ਸਾਨੂੰ ਤਮੀਜ਼ ਕੋਈ ਨਾ ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

## ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ : 15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ;eNo 15-J, uvhrV 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


# ਇਸ ਅੰਕ ਵਿਚ


| | |
|---|---|
| ਕੁਦਰਤ ਕੇ ਸਭ ਬੰਦੇ<br>ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ | ਟਾ-2 |
| ਸੰਪਾਦਕੀ : ਕਰਉ ਬੇਨੰਤੀਆ -<br>ਕੁਝ ਪੜ੍ਹਿਆ ਕੁਝ ਸੁਣਿਆ | 2 |
| ਮਿਤ੍ਰ ਅਸਾਡੜੇ ਸੇਈ | 5 |
| ਗੁਰਬਾਣੀ ਦੀ ਭਾਸ਼ਾ : 'ਗੁਰਮੁਖੀ'<br>ਡਾ ਚਮਕੌਰ ਸਿੰਘ | 6 |
| ਗੁਰਮਤਿ ਸੰਗੀਤ ਵਿਚ ਪਦੇ ਗਾਇਨ ਸ਼ੈਲੀ ਵਜੋਂ<br>ਡਾ. ਗੁਰਨਾਮ ਸਿੰਘ | 13 |
| ਗੁਰਮਤਿ ਸੰਗੀਤ ਵਿਚ ਅਸ਼ਟਪਦੀ<br>ਡਾ. ਗੁਰਨਾਮ ਸਿੰਘ | 15 |
| ਮਹਾਨ ਸੰਗੀਤਕਾਰ, ਸ਼ਾਸਤਰਕਾਰ, ਸੰਗ੍ਰਹਿਕਰਤਾ, ਸੰਗੀਤ ਸੁਧਾਰਕ ਅਤੇ ਪ੍ਰਚਾਰਕ<br>ਪੰਡਿਤ ਵਿਸ਼ਨੂ ਨਾਰਾਇਣ ਭਾਤਖੰਡੇ | 17 |
| Music: An Intrinsic Talent<br>Narendra Kaur | 19 |
| ਰਾਗ ਸ਼ੁੱਧ ਕਲਿਆਣ (ਸੁਰਲਿਪੀ)<br>ਸ. ਗੁਰਬਖਸ਼ ਸਿੰਘ | ਟਾ 3-4 |


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਕਰਉ ਬੇਨੰਤੀਆ

## ਕੁਝ ਪੜ੍ਹਿਆ ਕੁਝ ਸੁਣਿਆ

**ਬੱਚਾ ਅਤੇ ਸੰਗੀਤ**

ਇਸ ਵਿਸ਼ੇ ਬਾਰੇ ਨਰੇਸ਼ ਸਕਸੇਨਾ ਦੀ ਹਿੰਦੀ ਵਿੱਚ ਰਚੀ ਇੱਕ ਕਵਿਤਾ ਸੁਣੀ-
----- ਸ਼ਿਸ਼ੂ ਲੋਰੀ ਕੇ ਸ਼ਬਦ ਨਹੀਂ
ਸੰਗੀਤ ਸਮਝਤਾ ਹੈ। ਬਾਦ ਮੇ ਸੀਖੇਗਾ ਭਾਸ਼ਾ
ਅਭੀ ਵਹ ਅਰਥ ਸਮਝਦਾ ਹੈ। ਸਮਝਤਾ ਹੈ ਸਭ ਕੀ ਮੁਸਕਾਨ
ਸਭ ਕੀ ਏ-ਲੇ-ਲੇ-ਲੇ -ਕੇ-ਕੇ ਤੁਮਹਾਰੇ ਵੇਦ, ਪੁਰਾਨ,ਕੁਰਾਨ,
ਅਭੀ ਵਹ ਵਿਅਰਥ ਸਮਝਤਾ ਹੈ ਸਮਝਨੇ ਮੇ ਉਸ ਕੋ ਤੁਮ ਹੋ ਕਿਤਨੇ ਅਸਮਰਥ
ਵਹ ਸਮਝਤਾ ਹੈ। ਬਾਦ ਮੇ ਸੀਖੇਗਾ ਭਾਸ਼ਾ
ਉਸੀ ਸੇ ਹੈ, ਜੋ ਹੈ ਆਸ਼ਾ

----------------------------------------

ਚੀਫ ਖਾਲਸਾ ਦੀਵਾਨ ਵੱਲੋਂ ਪ੍ਰਕਾਸ਼ਿਤ ਮੈਗਜ਼ੀਨ ਜਿਸ ਦੀ ਸਥਾਪਨਾ ਭਾਈ ਵੀਰ ਸਿੰਘ ਜੀ ਨੇ ਕੀਤੀ ਸੀ ਉਸ ਦੀ ਸੰਪਾਦਨਾ ਅਜਕਲ ਮੇਰੇ ਸਤਿਕਾਰ ਯੋਗ ਮਿੱਤਰ ਡਾਕਟਰ ਜਸਬੀਰ ਸਿੰਘ ਸਾਬਰ ਕਰ ਰਹੇ ਹਨ। ਉਹ ਹਰ ਪਰਚੇ ਭਾਈ ਵੀਰ ਸਿੰਘ ਜੀ ਦਾ ਇੱਕ ਲੇਖ ਦੇਣ ਦੇ ਨਾਲ ਨਾਲ ਉਹਨਾਂ ਦੀ ਇੱਕ ਕਵਿਤਾ ਵੀ ਪ੍ਰਕਾਸ਼ਿਤ ਕਰਦੇ ਹਨ। ਮੈਨੂੰ ਜਾਪਦਾ ਹੈ ਕਿ ਭਾਈ ਵੀਰ ਸਿੰਘ ਜੀ ਦੀਆਂ ਲਿਖਤਾਂ ਅੱਜ ਵੀ ਬਹੁਤ ਪ੍ਰਸੰਗਕ ਹਨ। ਉਹਨਾਂ ਵੱਲੋਂ ਵਿਅਕਤੀਗਤ ਜੀਵਨ ਲਈ ਦਿੱਤੀਆਂ ਸੇਧਾਂ ਦੀ ਬਹੁਤ ਲੋੜ ਹੈ। ਨਵੰਬਰ ਅੰਕ ਵਿੱਚ ਉਹਨਾਂ ਦੀ ਕਵਿਤਾ 'ਅੱਜ' ਪ੍ਰਕਾਸ਼ਿਤ ਕੀਤੀ ਗਈ ਹੈ-

ਕੱਲ ਚੁਕੀ ਹੈ ਬੀਤ ਵੱਸ ਤੋਂ ਦੂਰ ਨਸਾਈ,
ਭਲਕ ਅਜੇ ਹੈ ਦੂਰ ਨਹੀਂ ਵਿਚ ਹੱਥਾਂ ਆਈ।
ਅੱਜ ਅਸਾਡੇ ਕੋਲ ਵਿਚ ਪਰ ਫਿਕਰਾਂ ਲਾਈ
ਕੱਲ ਭਲਕ ਨੂੰ ਸੋਚ ਅੱਜ ਇਹ ਮੁਫਤ ਗੁਆਈ।
ਹੋ ਸੰਭਵ ਸੰਭਾਲ ਇਸ ਅੱਜ ਨੂੰ
ਇਹ ਬੀਤੇ ਮਹਾਂ-ਰਸ ਪੀਂਦਿਆਂ ਹਰਿ-ਰਸ ਵਿਚ ਮੱਤੇ, ਖੀਵਿਆਂ
ਹਰਿ-ਰੰਗ, ਹਰਿ ਕੀਰਤ ਚਉਂਦਿਆਂ।

ਇਸ ਤੋਂ ਬਾਅਦ ਮੇਰੇ ਵਿਚ ਜਿਗਆਸਾ ਹੋਈ ਕਿ ਮੈਂ 'ਅੱਜ' ਬਾਰੇ ਅੰਗਰੇਜ਼ੀ ਵਿੱਚ ਲਿਖੀਆਂ ਕਵਿਤਾਵਾਂ ਵਾਚਾਂ ਤਾਂ ਗੂਗਲ ਤੇ ਹੇਠ ਲਿਖੀਆਂ ਕਵਿਤਾਵਾਂ ਪ੍ਰਾਪਤ ਹੋਈਆਂ-

So you think, today might be the day It might be, it might be not?
Depends on your luck, if it goes your way or you could get caught?

This might be the beginning, the first day the first day of the rest of you life
you want to go down on one knee and pray that all will be abundant and rife

this is the day, like everydayseize it well, grab it tight
do your job, have fun, play then you'll sleep well, very well tonight

David Darbyshire

Today is just another day Of highs and lows
When the winds blow and the waters flow

Today is just another day A day to make amends and new friends
For there will come a time it will all end

Today is just another day We eat and go to work
Some seat and wait for luck Others cheat giving the sweet talk

Today is just another day Where we must live for tomorrow
Or give in to everlasting sorrow

Today is just another day We breathe in the same air
Trying to invent new ideas  Exhibiting passionate care or fear

Today is just another day While some of us delight in joy
Others will find a way to deploy Tools to destroy the moments we enjoy

Today is no different from yesterday Technology the only change in the game
The people are still the same Looking for one to take on the blame
Always worshiping those with a name Broken hearts and love keep alive the dying flame

Today is just another day It will fade away
Quickly into yesterday Tomorrow then gladly will become today!

Sylvia Chidi

**To-day**

by Annette Wynne

To-morrow, what does it matter? To-day—that is here!
To lend or to spend for my purpose— All without hindrance or tear,
To-day only matters—to-morrow's A dream and a fear!

To-morrow, I never shall own it— To-day—that is mine!
What if I take it and make it To something divine!

So shall I never fear sorrow, Dear Time, if you go soon or stay,


So shall I fear no to-morrow And gratefully live each to-day!
------------------------------

'ਸਮਕਾਲੀ ਸਾਹਿਤ' ਅਕਤੂਬਰ-ਦਸਬੰਰ 2023 ਅੰਕ ਪ੍ਰਾਪਤ ਹੋਇਆ। ਸਾਰਾ ਹੀ ਅੰਕ ਪੜ੍ਹਨ ਅਤੇ ਮਾਣਨ ਯੋਗ ਹੈ। ਪਰ ਮੇਰਾ ਧਿਆਨ ਪਰਮਜੀਤ ਢੀਂਗਰਾ ਦੇ ਲੇਖ ਪੀੜ ਪਰੁੰਨੀਆਂ ਲਾਟਾਂ ਨਾਲ ਜੂਝਦੀ ਜ਼ਿੰਦਗੀ ਨੇ ਵਧੇਰੇ ਖਿਚਿਆ। ਇਸ ਵਿੱਚ ਪ੍ਰਸਿੱਧ ਜਾਪਾਨੀ ਸਾਹਿਤਕਾਰ ਕੇਨਜ਼ਾਬੁਰੋ ਓਏ ਬਾਰੇ ਗੱਲ ਕੀਤੀ ਹੈ। ਇਸ ਵਿੱਚ ਜੰਗ ਦੇ ਭਿਆਨਕ ਪ੍ਰਭਾਵਾਂ ਦੀ ਗੱਲ ਹੋਈ ਹੈ। ਇਹ ਅੱਜ ਦੇ ਇਜ਼ਰਾਈਲ ਫਲਸਤੀਨੀ ਜੰਗ ਦੇ ਕਾਰਨ ਵਧੇਰੇ ਟੁੰਬਦੀ ਹੈ। ਕੇਨਜ਼ਾਬੁਰੋ ਦੇ ਅਪਾਹਜ ਬੱਚੇ ਬਾਰੇ ਦੱਸਦਿਆਂ ਉਹ ਉਸ ਦੀ ਸੰਗੀਤਕ ਪ੍ਰਤਿਭਾ ਦੀ ਗੱਲ ਕਰਦਾ ਹੈ। ਜਾਪਦਾ ਹੈ ਸ਼ਾਇਦ ਸੰਗੀਤ ਜੰਗਾਂ ਦੀ ਭਿਆਨਕਤਾ ਨੂੰ ਘਟਾ ਦੇਵੇ। ਪਰ ਆਸ ਘਟ ਹੈ।
ਇਸ ਲੇਖ ਦਾ ਪਹਿਲਾ ਪੈਰਾ ਬਾਰ ਬਾਰ ਉਲੇਖ ਯੋਗ ਹੈ।

6 ਅਗਸਤ 1945 ਦਾ ਦਿਨ, ਮਾਨਵਤਾ ਦੀ ਹੱਤਿਆ ਦਾ ਦਿਨ ਹੈ। ਅਸੀਂ ਜਿਨ੍ਹਾਂ ਨੇ ਇਸ ਭਿਅੰਕਰ ਹਾਦਸੇ ਬਾਰੇ ਸਿਰਫ ਪੜ੍ਹਿਆ ਸੁਣਿਆ ਹੈ,ਇਹਦੀ ਤਬਾਹੀ ਦਾ ਅੰਦਾਜ਼ਾ ਨਹੀਂ ਲਾ ਸਕਦੇ। ਜਦੋਂ ਵੀ ਦੂਸਰੀ ਸੰਸਾਰ ਜੰਗ ਦੀ ਗੱਲ ਹੁੰਦੀ ਹੈ ਤਾਂ ਇਹਦਾ ਅਰੰਭ ਯਹੂਦੀਆਂ 'ਤੇ ਹੋਏ ਅਤਿਆਚਾਰਾਂ ਤੋਂ ਹੁੰਦਾ ਹੈ। ਸੱਠ ਲੱਖ ਯਹੂਦੀਆਂ ਦਾ ਕਤਲੇਆਮ ਮੁਆਫੀ ਯੋਗ ਨਹੀਂ। ਪਰ ਜਦੋਂ ਦੋ ਐਟਮ ਬੰਬ ਸੁੱਟ ਕੇ 1,40000 ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ ਤਾਂ ਇਸ ਨੂੰ ਕਿਹੜੇ ਖਾਨੇ ਵਿਚ ਰੱਖੋਗੇ?ਇਸ ਬੰਬ ਨੂੰ ਕਿੱਡਾ ਸੋਹਣਾ ਨਾਂ ਦਿੱਤਾ ਗਿਆ- 'ਲਿਟਿਲ ਬੁਆਏ ' ਇਕ ਲੱਖ ਚਾਲੀ ਹਜ਼ਾਰ ਮਨੁੱਖ ਮਿੰਟਾਂ ਸਕਿੰਟਾਂ ਵਿੱਚ ਮੌਤ ਦੇ ਮੂੰਹ 'ਚ ਜਾ ਪਏ ਤੇ ਉਸ ਤੋਂ ਮਗਰੋਂ ਅਣਗਿਣਤ ਹੋਰ ਮਰੇ,ਜਿਨ੍ਹਾਂ ਦਾ ਲੇਖਾ ਕਿਸੇ ਕੋਲ ਨਹੀਂ, ਜਿਹੜੇ ਜ਼ਿੰਦਗੀ ਭਰ ਅਪਾਹਜ ਹੋ ਗਏ, ਉਨ੍ਹਾਂ ਦਾ ਜ਼ਿੰਮੇਵਾਰ ਕੌਣ ਹੈ? ਇਸ ਦਾ ਖਮਿਆਜ਼ਾ ਆਉਣ ਵਾਲੀਆਂ ਪੀੜ੍ਹੀਆਂ ਭੁਗਤ ਰਹੀਆਂ ਤੇ ਉਹ ਫੈਸਲਾ ਕਰਨਗੀਆਂ ਕਿ ਇਨ੍ਹਾਂ ਦਾ ਜ਼ਿੰਮੇਵਾਰ ਕੌਣ ਹੈ। ਜਿਹੜੇ ਜਾਪਾਨੀ ਕਵੀ ਤਾਮਿਕੀ ਹਾਰਾ ਨੇ ਇਹ ਸਭ ਕੁਝ ਅੱਖੀਂ ਵੇਖਿਆ ਸੀ ਉਹ ਉਹਦੇ ਸੁਪਨਿਆਂ ਵਿਚ ਵੀ ਉਹਨੂੰ ਪਿੰਜਦਾ ਰਿਹਾ। ਅਖੀਰ 1959 ਵਿਚ ਉਹਨੇ ਆਤਮ ਹੱਤਿਆ ਕਰ ਲਈ।
-------------------------------------------

ਫੁੱਲ ਹਿੱਕ ਵਿੱਚ ਜੰਮੀ ਪਲੀ ਖੁਸ਼ਬੂ ਜਾਂ ਉੱਡ ਗਈ,
ਅਹਿਸਾਸ ਹੋਇਆ ਫੁੱਲ ਨੂੰ ਰੰਗਾਂ ਦੇ ਭਾਰ ਦਾ।
ਗੁਰਭਜਨ ਸਿੰਘ ਗਿੱਲ ਨੇ ਮੋਹਨ ਸਿੰਘ ਜੀ ਦਾ ਇਹ ਸ਼ੇਅਰ ਕਿਸੇ ਸੁਹਿਰਦ ਮਿੱਤਰ ਆਗੂ ਦੇ ਤੁਰ ਜਾਣ ਤੋਂ ਬਾਅਦ ਉਸ ਇਲਾਕੇ ਦੇ ਹਾਲਾਤ ਨੂੰ ਦਰਸਾਉਣ ਲਈ ਕੀਤਾ ਸੀ। ਪਰ ਮੈਨੂੰ ਮੋਹਨ ਸਿੰਘ ਜੀ ਇਸ ਗਜ਼ਲ ਵਿੱਚੋਂ ਇੱਕ ਹੋਰ ਸ਼ੇਅਰ ਯਾਦ ਆ ਗਿਆ-
ਬੇਚੈਨ ਨਗਮੇਂ ਸੌਂ ਗਏ ਇੱਕ ਛੁਹ ਨੂੰ ਤਰਸਦੇ,
ਸਾਜ਼ਿੰਦਾ ਮੁੜ ਨਾ ਪਰਤਿਆ ਜਿੰਦ ਦੀ ਸਿਤਾਰ ਦਾ।
ਪਰ ਮੇਰਾ ਮਨ ਫੁੱਲ ਅਤੇ ਖੁਸ਼ਬੂ ਵੱਲ ਜਾਂਦਾ ਰਹਿੰਦਾ ਹੈ। ਯਾਦ ਆਉਂਦਾ ਕਦੀ ਮੈਂ ਵੀ ਇੱਕ ਸ਼ਿਅਰ ਲਿਖਿਆ ਸੀ-
ਖੁਸ਼ਬੂ ਤਾਂ ਫੁੱਲ ਵਿੱਚ ਸੀ ਫਿਰ ਪਤਾ ਨਹੀਂ ਕਿਉਂ
ਖੁਸ਼ਬੂ ਲਈ ਹਰ ਕਿਸੇ ਨੇ ਉਸ ਫੁੱਲ ਨੂੰ ਵਾਰਿਆ।-----ਬਾਕੀ ਅੰਗਲੇ ਅੰਕ ਵਿੱਚ

**ਭੁੱਲ ਚੁੱਕ ਖਿਮਾ**



**ਜ਼ਰੂਰੀ ਬੇਨਤੀ**
ਮੈਗਜ਼ੀਨ ਮਿਲਣ ਤੇ ਸੂਚਨਾ ਜ਼ਰੂਰ ਦਿਓ ਜੀ ।
ਸੰਪਾਦਕ ਮੋਬਾਇਲ 98556-40630

# ✉ ਮਿਤ੍ਰ ਅਸਾਡੜੇ ਸੇਈ

ਸਤਿਕਾਰ ਯੋਗ ਸੰਪਾਦਕ ਸਾਹਿਬ, ਡਾ ਜਾਗੀਰ ਸਿੰਘ ਜੀ ।
ਗੁਰ ਫਤਹਿ ਪ੍ਰਵਾਨ ਕਰਨੀ ਜੀ।

Many thanks for sending the Amrit Kirtan magazine addition October 2023 and I was very keenly reading twice the article

''ਕਰਉ ਬੇਨੰਤੀਆਂ - ਐਸੇ ਭਾਉ ਬਿਦਰ ਕੋ ਦੇਖਿਓ''

I have heard this about Shabad that was not able to fully understand its meaning or aim or objective . I highly appreciate that you have rightly conveyed in your interpretation/ narrative through Gurbani references the correct meaning for the readers to understand and imbibe in their lives. Its notably that in today's world voices against the tyrant rulers injustices and fears and same was the situation well before the Prakash of GURU Nanak Dev Ji Maharaj w HV in ji ji kihen Babur attacked the INDIAN subcontinent an ind genocide unleashed upon Indians and Guru Nanak Dev Ji raised his voices recognised the weakened society of that Times and when AKAL PURAKH honoured GURU ji with the Title of GURU Parmeshwar thereby he ordained the Gurshabad Kirtan distributed in all places be it of Moslems, Yogis, Buddhist Yetis,Satis, NATHs , pandits qazis -- (ref. ਬੁਰਾਈ ਦਾ ਟਾਕਰਾ - ਕਿਤਾਬ, ਪ੍ਰੋ ਸਾਹਿਬ ਸਿੰਘ ਜੀ)

Guru ji called out the tyrant cruel to Babur, Confronted Head Qazi Rukundin of Kabba Mecca and imams at Medina and also took on Pir Dastagir of Iraq. His message was clear ans weaknesses of majority population wasn't able to fight back to the incoming invaders and procastinating before the times of rulers.

In today's world we see the true followers are carrying on the Message of GURU Nanak Dev Ji in Letter and spirit and carrying on with sewa despite the struggle with other outstanding issues in their risks of own lives.

Regards,
BHAGWANT SINGH
Mukh Sewadar, Delhi circle
Gurbani chanan sanstha, Mohali Punjab.

# ਗੁਰਬਾਣੀ ਦੀ ਭਾਸ਼ਾ : 'ਗੁਰਮੁਖੀ'

**ਡਾ ਚਮਕੌਰ ਸਿੰਘ**

**ਗੁਰਮੁਖੀ** ਨੂੰ ਪੰਜਾਬੀ ਭਾਸ਼ਾ ਦੀ **ਲਿਪੀ** ਦੇ ਤੌਰ ਉਤੇ ਅਕਸਰ ਸਭ ਨੇ ਸੁਣਿਆ-ਪੜ੍ਹਿਆ ਹੋਵੇਗਾ; ਪਰੰਤੂ ਗੁਰਮੁਖੀ ਨੂੰ **ਭਾਸ਼ਾ** ਦੇ ਤੌਰ ਉਤੇ ਵਿਚਾਰਨਾ, ਵਿਚਿਤਰ ਅਤੇ ਅਟਪਟਾ ਲੱਗ ਸਕਦਾ ਹੈ। ਅਜਿਹਾ ਹੋਣਾ ਸੁਭਾਵਿਕ ਹੈ ਕਿਉਂਕਿ ਅਕਸਰ ਅਸੀਂ, ਬਹੁਗਿਣਤੀ ਵਲੋਂ ਪ੍ਰਵਾਨਿਤ (accepted) ਅਤੇ ਪ੍ਰਮਾਣਿਤ (established) ਰੁਝਾਨਾਂ ਨੂੰ ਸੌਖਿਆਂ ਗ੍ਰਹਿਣ ਕਰਦੇ ਹਾਂ। ਇਸ ਲਈ ਹਥਲੀ ਲਿਖਤ ਵਿਚ ਪੇਸ਼ ਵਿਚਾਰ ਨੂੰ ਧੀਰਜ ਅਤੇ ਠਰ੍ਹੰਮੇ ਨਾਲ ਵਿਚਾਰਨ-ਸਮਝਣ ਦੀ ਗੁਜ਼ਾਰਸ਼ ਹੈ। ਇਹ ਸਪਸ਼ਟ ਰਹੇ ਕਿ ਇਸ ਲੇਖ ਦਾ ਮੰਤਵ ਧਰਮ-ਸ਼ਾਸਤਰੀ, ਸਾਹਿਤਕ, ਇਤਿਹਾਸਕ ਅਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਗੁਰਮੁਖੀ ਭਾਸ਼ਾ ਦੀ ਦੇਸ-ਕਾਲੀ ਵਿਲਖਣਤਾ ਦੇ ਕੁਝ ਛੁਪੇ ਹੋਏ ਨੁਕਤਿਆਂ ਵੱਲ ਧਿਆਨ ਦਿਵਾਉਣਾ ਹੈ। ਗੁਰਮੁਖੀ ਦੇ ਭਾਸ਼ਾ-ਵਿਗਿਆਨਕ/ਲਿਪੀ-ਵਿਗਿਆਨਕ ਲਛਣਾਂ ਦੀ ਨਿਸ਼ਾਨਦੇਹੀ ਜਾਂ ਪੇਸ਼ਕਾਰੀ, ਇਸ ਅਧਿਐਨ ਦਾ ਵਿਸ਼ਾ ਨਹੀਂ। ਨਿਰਸੰਦੇਹ ਭਾਸ਼ਾ-ਵਿਗਿਆਨ ਸਮੇਤ ਹੋਰ ਵਿਭਿੰਨ ਅਕਾਦਮਿਕ ਅਨੁਸ਼ਾਸਨਾਂ ਦੀ ਦ੍ਰਿਸ਼ਟੀ ਤੋਂ ਗੁਰਮੁਖੀ ਭਾਸ਼ਾ ਦੇ ਵਖ ਵਖ ਪੱਖਾਂ ਨੂੰ ਗੰਭੀਰਤਾ ਨਾਲ ਨਿੱਠ ਕੇ ਖੰਘਾਲੇ ਜਾਣ ਦੀ ਜ਼ਰੂਰਤ ਹੈ ਅਤੇ ਇਸ ਦਿਸ਼ਾ ਵਿਚ ਗੰਭੀਰ ਖੋਜ ਕਾਰਜ ਦਰਕਾਰ ਹਨ।

**-1-**

'ਗੁਰਮੁਖੀ' (ਗੁਰ+ਮੁਖੀ) ਦਾ ਅਰਥ ਹੈ - ਗੁਰੂ ਦੇ ਮੁਖੋਂ ਉਚਰੀ/ਬੋਲੀ ਹੋਈ ਜਾਂ ਗੁਰੂ ਦੇ ਮੁਖ ਤੋਂ ਪ੍ਰਾਪਤ/ਨਿਕਲੀ ਹੋਈ। ਹੋਰ ਭਾਵ-ਅਰਥ ਇਹ ਵੀ ਹਨ - ਗੁਰੂ ਵੱਲ ਮੁਖ ਕਰ ਦੇਣ ਵਾਲੀ; ਗੁਰੂ ਦੇ ਸਨਮੁਖ ਲੈ ਜਾਣ ਵਾਲੀ।

'ਗੁਰਬਾਣੀ' (ਗੁਰ+ਬਾਣੀ) ਦਾ ਅਰਥ ਹੈ - ਗੁਰੂ ਦੀ ਉਚਰੀ ਹੋਈ ਧੁਨੀ ਜਾਂ ਅਵਾਜ਼; ਗੁਰੂ ਦੇ ਬੋਲੇ ਸ਼ਬਦ, ਵਾਕ, ਬਚਨ। 'ਬਾਣੀ' ਦੇ ਕੋਸ਼ਗਤ ਅਰਥ ਹਨ - ਵਾਕ ਸ਼ਕਤੀ, ਬੋਲ ਸ਼ਕਤੀ; ਗੱਲਬਾਤ; ਬੋਲੀ, ਭਾਸ਼ਾ, ਜ਼ੁਬਾਨ; ਅਵਾਜ਼, ਧੁਨੀ ਆਦਿ।

ਇਸ ਤਰ੍ਹਾਂ ਗੁਰਮੁਖੀ ਅਤੇ ਗੁਰਬਾਣੀ, ਦੋਨੋਂ ਸ਼ਬਦ ਆਪਸ ਵਿਚ ਓਤਪੋਤ ਅਤੇ ਇਕਸੁਰ ਹਨ। ਦੋਨਾਂ ਦੇ ਅਰਥਾਂ ਨੂੰ ਇਕ-ਦੂਜੇ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ। ਗੁਰੂ ਦੇ ਮੁਖੋਂ ਬੋਲੀ ਗਈ ਧੁਨੀ/ਸਿਖਿਆ, ਗੁਰਬਾਣੀ ਰੂਪ ਵਿਚ ਸਾਡੇ ਸਨਮੁਖ ਹੈ। ਗੁਰਬਾਣੀ ਦਾ ਇਕ ਇਕ ਵਾਕ, ਗੁਰੂ ਦੀ ਮਤਿ ਨਾਲ ਸੰਜੋਇਆ ਹੋਇਆ ਹੈ। ਗੁਰੂ ਦੀ ਮਤਿ ਸਿਖਾਉਣ ਵਾਲੇ ਇਹ ਪਵਿਤਰ ਗੁਰਵਾਕ, ਅਰਥਾਤ ਸਿੱਖਿਆ-ਬਚਨ, ਸਬਦ ਗੁਰੂ ਵਜੋਂ ਹਾਜਰਾ-ਹਜੂਰ, ਜਾਹਰਾ-ਜਹੂਰ ਸਤਿਗੁਰੂ ਹਨ। ਗੁਰੂ ਦੀ ਰਸਨਾ ਦੁਆਰਾ ਬੋਲੀ ਗਈ ਹਰ ਸ਼ਬਦ-ਧੁਨੀ, ਗੁਰਬਾਣੀ ਰੂਪ ਵਿਚ ਹਰ ਇਕ ਸਿੱਖ ਲਈ ਸਦੀਵੀ ਮਾਰਗ-ਦਰਸ਼ਕ ਹੈ। ਗੁਰੂ ਦੀ ਇਹ ਸਿੱਖਿਆ, ਗੁਰਮੁਖੀ (ਭਾਸ਼ਾ ਅਤੇ ਲਿਪੀ) ਵਿਚ ਸੰਜੋ ਕੇ ਸਾਡੇ ਤਕ ਪਹੁੰਚੀ ਹੈ।

**-2-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਗੁਰਬਾਣੀ ਦਾ ਪਵਿਤਰ-ਪਾਠ, ਭਾਸ਼ਾਈ ਸੰਰਚਨਾ ਦੇ ਪੱਖੋਂ ਵੰਨਸੁਵੰਨਤਾਵਾਂ ਦੇ ਸੁਮੇਲ ਦਾ ਵਿਚਿਤਰ ਮੁਜੱਸਮਾ ਹੈ। ਧਾਰਮਿਕ, ਸਮਾਜਕ, ਸਭਿਆਚਾਰਕ ਅਤੇ ਵਿਚਾਰਧਾਰਕ ਵਿਲੱਖਣਤਾਵਾਂ ਨੂੰ ਰੂਹਾਨੀ ਸੰਵੇਦਨਾ, ਪਰਮਾਰਥੀ ਇਕਸੁਰਤਾ ਅਤੇ ਵਿਸਮਾਦੀ ਸਾਂਝ ਦੇ ਸੂਤਰ ਵਿਚ ਪਰੋਣ ਲਈ ਗੁਰਬਾਣੀ ਦੇ ਪਵਿਤਰ-ਪਾਠ ਵਿਚ ਭਾਸ਼ਾਈ ਵੰਨਸੁਵੰਨਤਾਵਾਂ, ਸਦਭਾਵਨਾ-ਭਰਪੂਰ ਸਹਿਹੋਂਦੀ ਰਚਨਾ-ਵਿਉਂਤ ਅਧੀਨ ਸੰਗਠਿਤ ਹੋਈਆਂ ਹਨ। ਵਿਸ਼ਾ-ਵਸਤੂ, ਸਮੇਂ-ਸਥਾਨ, ਪ੍ਰਸਥਿਤੀ, ਸਭਿਆਚਾਰ, ਆਤਮਿਕ/ਮਾਨਸਿਕ ਭਾਵ-ਦਸ਼ਾ, ਕਾਵਿਰੂਪ ਅਤੇ ਸੰਬੰਧਤ ਰਾਗ ਦੀ ਭਾਵ-ਪ੍ਰਕਿਰਤੀ ਦੇ ਅਨੁਕੂਲ ਭਾਸ਼ਾ ਤੇ ਸ਼ਬਦਾਵਲੀ ਦਾ ਇਸਤੇਮਾਲ, ਗੁਰਬਾਣੀ ਦੇ ਵਿਲੱਖਣ ਭਾਸ਼ਾਈ ਪ੍ਰਬੰਧ ਨੂੰ ਬਾਖੂਬੀ ਰੂਪਮਾਨ

ਕਰਦਾ ਹੈ।

ਗੁਰਬਾਣੀ ਦਾ ਭਾਸ਼ਾਈ ਕਲੇਵਰ, ਇਸ ਦੇ ਰਚਨਹਾਰੇ ਬਾਣੀਕਾਰਾਂ ਦੇ ਜੀਵਨਕਾਲ ਦੀ ਦ੍ਰਿਸ਼ਟੀ ਤੋਂ ਪੰਜ ਸਦੀਆਂ (ਬਾਰ੍ਹਵੀਂ ਤੋਂ ਸਤਾਰਵੀਂ ਸਦੀ) ਤਕ ਅਤੇ ਮਾਤਭੂਮੀ/ਕਰਮਭੂਮੀ ਦੇ ਪੱਖ ਤੋਂ ਦਖਣੀ ਏਸ਼ੀਆ ਉਪਮਹਾਂਦੀਪ ਦੇ ਵਿਸ਼ਾਲ ਭੂਗੋਲਿਕ ਖੇਤਰ ਵਿਚ ਫ਼ੈਲਿਆ ਹੋਇਆ ਹੈ। ਕਾਲਗਤ ਅਤੇ ਸਥਾਨਗਤ ਦੋਨੋਂ ਪੱਖਾਂ ਤੋਂ ਗੁਰਬਾਣੀ ਦੀ ਭਾਸ਼ਾ ਦਾ ਪ੍ਰਤੱਖਣ, ਭਾਸ਼ਾ-ਵਿਗਿਆਨੀਆਂ ਨੇ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਕੀਤਾ ਹੈ। ਵੱਖ ਵੱਖ ਭਾਸ਼ਾਈ ਮਾਹਰਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਦੀ ਸ਼ਨਾਖਤ ਦੇ ਅਨੇਕ ਲਿਖਤੀ ਪ੍ਰਮਾਣ ਉਪਲਬਧ ਹਨ ਜਿਨ੍ਹਾਂ ਵਿਚ ਗੁਰਬਾਣੀ ਦੀ ਭਾਸ਼ਾ ਦਾ ਨਾਮਕਰਨ 'ਪੁਰਾਤਨ/ਪੁਰਾਣੀ ਪੰਜਾਬੀ'[1], 'ਲੋਕ ਭਾਸ਼ਾ'[2], 'ਸੰਤ ਭਾਸ਼ਾ'[3], 'ਸਧੂਕੜੀ'[4], 'ਗੁਰਭਾਸ਼ਾ'[5], 'ਗੁਰੂ ਭਾਸ਼ਾ'[6], 'ਸ੍ਰੀ ਗੁਰੂ ਗ੍ਰੰਥ ਭਾਸ਼ਾ'[7], 'ਸਿੱਖਾਂ ਦੀ ਪਵਿੱਤਰ ਭਾਸ਼ਾ' (Sacred Language of the Sikhs)[8], 'ਮਿਸ਼ਰਤ ਭਾਸ਼ਾ'[9], 'ਸਾਂਝੀ ਭਾਸ਼ਾ'/'ਸਾਂਝੀ ਸਾਹਿਤਕ ਭਾਸ਼ਾ'[10] 'ਸੰਪਰਕ ਭਾਸ਼ਾ', 'ਦੇਸ ਭਾਸ਼ਾ', 'ਸਰਬਦੇਸੀ ਭਾਸ਼ਾ' ਆਦਿ ਵਿਭਿੰਨ ਸੰਕਲਪਾਂ ਦੇ ਅੰਤਰਗਤ ਹੋਇਆ ਹੈ। ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ ਅਤੇ ਡਾ. ਕਾਲਾ ਸਿੰਘ ਬੇਦੀ ਆਦਿ ਵਿਦਵਾਨਾਂ ਨੇ ਗੁਰਬਾਣੀ ਦੀ ਭਾਸ਼ਾ ਨੂੰ ਪੰਜਾਬੀ ਦਸਿਆ ਹੈ। ਡਾਕਟਰ ਲਾਈਟਨਰ, ਜੋ ਪੰਜਾਬ ਦੇ ਵਿਦਿਆ ਵਿਭਾਗ ਦੇ ਡਾਇਰੈਕਟਰ ਸਨ ਅਤੇ ਬਾਲ ਗੰਗਾਧਰ ਤਿਲਕ ਆਦਿ ਨੇ ਪੰਜਾਬੀ ਬੋਲੀ ਨੂੰ 'ਗੁਰਮੁਖੀ' ਨਾਂ ਨਾਲ ਹੀ ਯਾਦ ਕੀਤਾ ਹੈ।[11] ਗੁਰਬਾਣੀ ਭਾਸ਼ਾ ਦੀ ਅਧਿਐਨ-ਪਰੰਪਰਾ ਵਿਚ ਇਸ ਦੇ ਭਾਸ਼ਾਈ ਸਰੂਪ ਦੀ ਪਛਾਣ ਪਹਿਲਾਂ ਵਧੇਰੇ ਕਰਕੇ 'ਪੁਰਾਤਨ ਪੰਜਾਬੀ' ਅਤੇ 'ਸਾਧ ਭਾਸ਼ਾ' ਜਾਂ 'ਸਧੂਕੜੀ ਭਾਸ਼ਾ' ਵਜੋਂ ਹੁੰਦੀ ਰਹੀ ਹੈ ਜਦਕਿ ਇਸ ਦੀ ਭਾਸ਼ਾਈ ਵਿਭਿੰਨਤਾ ਦੇ ਮੱਦੇਨਜ਼ਰ ਕਈ ਵਿਦਵਾਨ ਇਸ ਦੇ ਬਹੁਭਾਸ਼ਾਈ ਸਰੂਪ ਨੂੰ 'ਮਿਸ਼ਰਤ ਭਾਸ਼ਾ' ਵਜੋਂ ਸੰਕਲਪਦੇ ਰਹੇ ਹਨ ਅਤੇ ਕੁਝ ਵਿਦਵਾਨਾਂ ਨੂੰ ਗੁਰਬਾਣੀ ਦੀ ਭਾਸ਼ਾ ਵਿਚੋਂ ਬਹੁਭਾਸ਼ਾਵਾਦ (multilingualism) ਦੀ ਝਲਕ ਨਜ਼ਰ ਆਉਂਦੀ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਗੁਰਬਾਣੀ ਦੇ ਭਾਸ਼ਾਈ ਸਰੂਪ ਨੂੰ ਨਿਖਾਰਨ/ਸਿਰਜਣ ਵਿਚ ਤਿੰਨ ਕਿਸਮ ਦੀਆਂ ਭਾਸ਼ਾਈ ਪਰੰਪਰਾਵਾਂ ਦੇ ਯੋਗਦਾਨ ਦਾ ਉਲੇਖ ਕੀਤਾ ਹੈ।[12]

ਪਹਿਲੀ, ਗੁਰਬਾਣੀ ਭਾਸ਼ਾ ਦੀ ਬੁਨਿਆਦ ਵਿਚ ਆਪਣੇ ਸਮਕਾਲੀ ਪੰਜਾਬ ਦੀ ਪ੍ਰਚਲਿਤ ਪੰਜਾਬੀ ਬੋਲੀ ਦੀ ਸਥਾਪਨਾ ਹੋਈ ਹੈ, ਜਿਸ ਜਿਸ ਵਿਚ ਆਂਢ-ਗੁਆਂਢ ਦੇ ਭਾਸ਼ਾਈ ਸਮਾਜ ਦੀਆਂ ਜੀਵੰਤ ਬੋਲੀਆਂ ਦੇ ਅੰਸ਼ ਬੜੀ ਵਿਆਪਕਤਾ ਨਾਲ ਆਤਮਸਾਤ ਹੋਏ ਹਨ। ਪੰਜਾਬ ਦੀ ਪੁਰਾਤਨ ਤੇ ਮੱਧਕਾਲੀ ਭਾਸ਼ਾ ਪਰੰਪਰਾ, ਜਿਸ ਰਾਹੀਂ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀਆਂ ਸਮੂਹ ਪੰਜਾਬੀ ਉਪਬੋਲੀਆਂ ਦਾ ਜੋੜਮੇਲ, ਗੁਰਬਾਣੀ ਦੇ ਪਾਠ ਵਿਚ ਇਕ ਪ੍ਰਬੰਧਸ਼ੀਲ ਸਾਹਿਤਕ ਪੰਜਾਬੀ ਭਾਸ਼ਾ ਦੇ ਸਰੂਪ ਨੂੰ ਨਿਖਾਰਦਾ ਹੈ। ਗੁਰਬਾਣੀ ਦੀ ਭਾਸ਼ਾ ਦੇ ਬੁਨਿਆਦੀ ਤਲ ਉੱਤੇ ਇਹੋ ਭਾਸ਼ਾਈ ਸਰੂਪ ਕਾਰਜਸ਼ੀਲ ਰਹਿੰਦਾ ਹੈ।

ਦੂਜੀ ਭਾਸ਼ਾ-ਪਰੰਪਰਾ ਰਾਹੀਂ ਗੁਰਬਾਣੀ ਦੀ ਭਾਸ਼ਾ ਵਿਚ ਸਮੁੱਚੇ ਉੱਤਰੀ ਭਾਰਤ ਦੀਆਂ ਤਤਕਾਲੀ ਸਾਹਿਤਕ ਬੋਲੀਆਂ ਅਤੇ ਸ਼ੈਲੀਆਂ ਜਜ਼ਬ ਹੋਣ ਨਾਲ ਨਵੀਨ ਭਾਸ਼ਾ ਸਿਰਜਨਾ ਦਾ ਕਾਰਜ ਸ਼ੁਰੂ ਹੁੰਦਾ ਹੈ। ਆਪੋ ਆਪਣੇ ਇਲਾਕਾਈ ਤੇ ਸਥਾਨਕ ਮੁਹਾਵਰੇ ਅਤੇ ਵਿਆਕਰਨਕ ਪ੍ਰਯੋਗਾਂ ਨੂੰ ਸਮੋ ਕੇ ਇਕ ਨਵੀਨ ਤੇ ਸਾਂਝਾ ਭਾਸ਼ਾਈ ਮੁਹਾਵਰਾ ਵਿਕਸਿਤ ਹੋਇਆ। ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਉਸ ਨੂੰ 'ਉਤਰੀ ਭਾਰਤ ਦੀ ਸਰਬਸਾਂਝੀ ਸਾਹਿਤਕ ਭਾਸ਼ਾ'[13] (*lingua franca*) ਦੇ ਪੰਜਾਬੀ ਸੰਸਕਰਨ ਵਜੋਂ ਪਛਾਣਿਆ ਹੈ, ਜਿਸ ਦੀ ਭਾਸ਼ਾਈ ਵਿਭਿੰਨਤਾ/ਮਿਸ਼ਰਨ ਵਿਚੋਂ 'ਬਹੁਭਾਸ਼ਾਵਾਦ' ਦੀ ਝਲਕ ਨਜ਼ਰ ਆਉਂਦੀ ਹੈ। ਇਸ ਵਿਚ ਤਤਕਾਲੀ ਪੰਜਾਬੀ ਦੀਆਂ ਸਮੂਹ ਭਾਸ਼ਾਈ ਵੰਨਗੀਆਂ ਤੋਂ ਇਲਾਵਾ ਸਿੰਧੀ, ਬਾਂਗਰੂ (ਹਰਿਆਣਵੀ), ਰਾਜਸਥਾਨੀ, ਬ੍ਰਜੀ, ਖੜੀ

ਬੋਲੀ, ਹਿੰਦਵੀ, ਬਿਹਾਰੀ, ਮਰਾਠੀ, ਸਧੁਕੜੀ, ਰੇਖਤਾ, ਸਹਸਕ੍ਰਿਤੀ, ਗਾਥਾ ਅਤੇ ਪੱਛਮੀ ਪਹਾੜੀ ਬੋਲੀਆਂ ਦੇ ਅੰਸ਼ ਸ਼ਾਮਲ ਹਨ।

ਤੀਜੀ ਭਾਸ਼ਾ ਪਰੰਪਰਾ, ਗੁਰਬਾਣੀ ਯੁਗ ਤੋਂ ਪੂਰਬਲੀਆਂ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਸ਼ਾਵਾਂ ਦੀ ਪਰੰਪਰਾ ਹੈ ਜਿਸ ਵਿਚ ਪੰਜਾਬ ਦੀਆਂ ਮਦ੍ਰ, ਕੈਕਈ, ਟੱਕ ਅਤੇ ਸ਼ੌਰਸੇਨੀ ਆਦਿ ਸਮੇਤ ਕਈ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਦੇ ਪੁਰਾਲੇਖੀ ਭਾਸ਼ਾਈ ਅੰਸ਼, ਗੁਰਬਾਣੀ ਦੀ ਭਾਸ਼ਾ ਵਿਚ ਮੌਜੂਦ ਹਨ। ਗੁਰਬਾਣੀ ਦੀ ਭਾਸ਼ਾ ਦੇ ਸ਼ਬਦਾਂ ਦੇ ਅੰਤ 'ਤੇ ਲਗਾਂ-ਮਾਤਰਾ (ਵਿਸ਼ੇਸ਼ ਕਰ ਸਿਹਾਰੀ ਤੇ ਔਂਕੜ) ਅਤੇ -ਹਿ, -ਸਿ, -ਤਿਹ ਆਦਿ ਜਿਹੜੇ ਵਾਧੂ ਜਾਪਦੇ ਅੱਖਰ ਵਰਤੇ ਗਏ ਹਨ, ਇਹ ਵਾਧੂ ਨਹੀਂ ਸਗੋਂ ਇਹ ਤਾਂ ਸ਼ਬਦਾਂ ਦੇ ਨਾਲ ਜੁੜਨ ਵਾਲੇ ਜ਼ਰੂਰੀ ਵਿਭਕਤੀ-ਚਿੰਨ੍ਹ[14] ਅਥਵਾ ਕਾਰਕੀ ਪਿਛੇਤਰ ਹਨ। ਇਹ ਵਿਭਕਤੀ-ਚਿੰਨ੍ਹ/ਪਿਛੇਤਰ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਸ਼ਾਵਾਂ ਦੇ ਬਕਾਇਆ ਅੰਸ਼ ਹਨ।

ਇਕ ਹੋਰ ਭਾਸ਼ਾ ਪਰੰਪਰਾ, (ਡਾ. ਪ੍ਰੇਮ ਪ੍ਰਕਾਸ਼ ਸਿੰਘ ਦੇ ਉਕਤ ਲੇਖ ਵਿਚ ਇਸ ਦਾ ਵਖਰਾ ਉਲੇਖ ਨਹੀਂ ਹੈ) ਉਹ ਹੈ ਅਰਬੀ, ਫਾਰਸੀ, ਤੁਰਕੀ ਆਦਿ ਸਾਮੀ/ਪੱਛਮੀ ਭਾਸ਼ਾਵਾਂ ਦੀ ਸ਼ਬਦਾਵਲੀ ਦਾ ਗੁਰਬਾਣੀ ਦੀ ਭਾਸ਼ਾ ਵਿਚ ਦਾਖਲ ਹੋਣਾ। ਅਰਬੀ, ਸਾਮੀ ਭਾਸ਼ਾ-ਪਰਿਵਾਰ ਦੀ ਇਕ ਪ੍ਰਮੁੱਖ ਭਾਸ਼ਾ ਹੈ ਜੋ ਕੁਰਾਨ ਸ਼ਰੀਫ ਦੀ ਭਾਸ਼ਾ ਹੋਣ ਕਰਕੇ ਇਸਲਾਮ ਦੇ ਪਰਸਾਰ ਦੇ ਨਾਲ ਹੀ ਏਸ਼ੀਆ ਅਤੇ ਉੱਤਰੀ ਅਫਰੀਕਾ ਦੇ ਵੱਡੇ ਖੇਤਰ ਵਿਚ ਫੈਲ ਰਹੀ ਸੀ। ਫਾਰਸੀ ਉਸ ਵੇਲੇ ਏਸ਼ੀਆ ਦੇ ਵੱਡੇ ਖੇਤਰ ਵਿਚ ਸੰਪਰਕ ਭਾਸ਼ਾ ਵਜੋਂ ਸ਼ਾਹੀ ਦਰਬਾਰਾਂ ਅਤੇ ਵਪਾਰਕ ਕਾਫਲਿਆਂ ਦੀ ਭਾਸ਼ਾ ਵਜੋਂ ਪ੍ਰਚਲਿਤ ਸੀ। ਮੁਸਲਮਾਨ ਹਮਲਾਵਰਾਂ ਅਤੇ ਵਪਾਰੀਆਂ ਰਾਹੀਂ ਬਾਰਵੀਂ-ਤੇਰਵੀਂ ਸਦੀ ਵਿਚ ਇਹ ਭਾਸ਼ਾ ਹਿੰਦੁਸਤਾਨ ਵਿਚ ਦਾਖਲ ਹੋਈ ਅਤੇ ਭਾਰਤੀ ਭਾਸ਼ਾਵਾਂ, ਵਿਸ਼ੇਸ਼ ਕਰ ਪੰਜਾਬੀ ਨੂੰ ਕਾਫੀ ਪ੍ਰਭਾਵਿਤ ਕੀਤਾ। ਗੁਰਬਾਣੀ ਵਿਚ ਇਨ੍ਹਾਂ ਭਾਸ਼ਾਵਾਂ ਦੀ ਸ਼ਬਦਾਵਲੀ ਨੂੰ ਖੁੱਲ੍ਹਦਿਲੀ ਨਾਲ ਸਹਜ ਸੁਭਾਵਿਕ ਰੂਪ ਵਿਚ ਪ੍ਰਵਾਨਗੀ ਹਾਸਲ ਹੋਈ ਹੈ।

ਇਸ ਤਰ੍ਹਾਂ ਦੱਖਣੀ ਅਤੇ ਪੱਛਮੀ ਏਸ਼ੀਆ ਦੀਆਂ ਵੰਨਸੁਵੰਨੀਆਂ ਪੁਰਾਤਨ ਅਤੇ ਮੱਧਕਾਲੀਨ ਬੋਲੀਆਂ-ਉਪਬੋਲੀਆਂ ਨੇ ਘੁਲ-ਮਿਲ ਕੇ ਗੁਰਬਾਣੀ ਦੀ ਭਾਸ਼ਾ-ਸ਼ੈਲੀ ਅਤੇ ਭਾਸ਼ਾਈ ਸ਼ਬਦਾਵਲੀ ਵਿਚ ਆਪਣੀ ਗੌਰਵਸ਼ਾਲੀ ਜਗ੍ਹਾ ਬਣਾਈ ਹੋਈ ਹੈ।

ਭਾਈ ਵੀਰ ਸਿੰਘ ਨੇ ਗੁਰਬਾਣੀ ਦੀ ਭਾਸ਼ਾ ਨੂੰ 'ਸ੍ਰੀ ਗੁਰੂ ਗ੍ਰੰਥ ਭਾਸ਼ਾ' ਦਾ ਨਾਮ ਦਿੰਦੇ ਹੋਏ ਲਿਖਿਆ ਹੈ :

"ਅਪਭ੍ਰੰਸ਼ ਦੇ ਮਗਰੋਂ ਜੋ ਹਿੰਦੁਸਤਾਨ ਦੀ ਇਕ ਭਾਸ਼ਾ ਹੋਈ ਹੈ ਉਹ ਹੈ 'ਸ੍ਰੀ ਗੁਰੂ ਗ੍ਰੰਥ ਭਾਸ਼ਾ'। ਹਾਲੇ ਅਜੇ ਇਸ ਭਾਸ਼ਾ ਲਈ ਕਿਸੇ ਵਿਦਵਾਨ ਨੇ ਕੋਈ ਖਾਸ ਨਾਮ ਨਹੀਂ ਵੀਚਾਰਿਆ।" ਉਹ ਅੱਗੇ ਲਿਖਦੇ ਹਨ:

"ਇਹ ਭਾਸ਼ਾ ਨਿਰੀ ਪੰਜਾਬ ਦੀ ਨਹੀਂ; ਇਹ ਉਸ ਸਮੇਂ ਸਾਰੇ ਹਿੰਦ ਦੀ ਭਾਸ਼ਾ ਸੀ। ਕਬੀਰ, ਰਵਿਦਾਸ, ਪੀਪਾ, ਧੰਨਾ, ਤ੍ਰਿਲੋਚਨ, ਜੈਦੇਉ, ਰਾਮਾਨੰਦ, ਨਾਮਦੇਵ ਦੇ ਸ਼ਬਦਾਂ ਦੀ ਭਾਸ਼ਾ ਉਹੋ ਹੈ। ਚਾਹੇ ਇਸ ਇਕੋ ਜਹੀ ਸਹੀ ਹੁੰਦੀ (ਭਾਸ਼ਾ) ਵਿਚ ਥੋੜ੍ਹੇ ਬਹੁਤ ਫਰਕ ਹਨ ਜੋ ਕੁਦਰਤੀ ਹੁੰਦੇ ਹੀ ਹਨ, ਉਨ੍ਹਾਂ ਨੂੰ ਛੱਡ ਕੇ ਆਮ ਬੋਲੀ ਉਹੋ ਹੈ ਅਤੇ ਇਹ ਪੰਜਾਬੀ ਨਾਲ ਬੜੀ ਮਿਲਦੀ ਜੁਲਦੀ ਹੈ। ... ... ... ਇਹ ਪੰਜਾਬੀ ਭਾਸ਼ਾ ਹੈ ਜਾਂ ਇਸ ਨੂੰ ਹੋਰ ਕੋਈ ਨਾਮ ਦੇ ਲਵੋ, ਪਰ ਉਸ ਸਾਹਿਤਕ ਘਟਨਾ ਵਿਚ ਫਰਕ ਨਹੀਂ ਪਵੇਗਾ ਕਿ ਇਹ ਭਾਸ਼ਾ ਇਕ ਸਮੇਂ ਸਾਰੇ ਉੱਤਰੀ ਹਿੰਦੁਸਤਾਨ ਦੀ ਸਾਂਝੀ ਬੋਲੀ ਸੀ।"[15]

ਗੁਰਬਾਣੀ ਦੀ ਭਾਸ਼ਾ, ਦੱਖਣੀ ਏਸ਼ੀਆ ਦੇ ਵਿਸ਼ਾਲ ਭੂਗੋਲਿਕ ਖਿੱਤੇ ਵਿਚ ਅਫਗਾਨਿਸਤਾਨ-ਸਿੰਧ

ਤੋਂ ਲੈ ਕੇ ਬੰਗਾਲ ਤਕ ਅਤੇ ਕਸ਼ਮੀਰ ਤੋਂ ਮਹਾਂਰਾਸ਼ਟਰ ਤਕ, ਬੋਲੀਆਂ ਅਤੇ ਸਮਝੀਆਂ ਜਾਣ ਵਾਲੀਆਂ ਅਨੇਕ ਮੱਧਕਾਲੀਨ ਭਾਸ਼ਾਵਾਂ ਦਾ ਸਾਂਝਾ ਸੰਸਕਰਨ ਹੈ। ਗੁਰਬਾਣੀ ਦੀ ਭਾਸ਼ਾ ਬਾਰੇ ਮੱਧਕਾਲੀਨ ਉੱਤਰੀ ਅਤੇ ਮੱਧ ਭਾਰਤ ਦੇ ਵਿਸ਼ਾਲ ਭੂਖੰਡ ਦੀ 'ਸਾਂਝੀ ਸਾਹਿਤਕ ਭਾਸ਼ਾ' (*lingua franca*) ਦੇ ਰੂਪ ਵਿਚ ਪਛਾਣਨ ਦਾ ਇਹ ਜੋ ਨਿਵੇਕਲਾ ਪਰਿਪੇਖ ਉਸਰਦਾ ਹੈ, ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਉਹ ਗੁਰਬਾਣੀ ਭਾਸ਼ਾ ਨੂੰ ਪ੍ਰਤੱਖਣ ਦੇ ਹੁਣ ਤਕ ਹੋਏ ਅਧਿਐਨਾਂ ਵਿਚੋਂ ਵਧੇਰੇ ਪ੍ਰਮਾਣਕ ਅਤੇ ਪ੍ਰਵਾਨਯੋਗ ਪ੍ਰਤੀਤ ਹੁੰਦਾ ਹੈ। ਬਹੁਭਾਸ਼ਾਵਾਦ ਦੀ ਝਲਕ ਪ੍ਰਦਾਨ ਕਰਨ ਵਾਲੀ ਪਾਵਨ ਗੁਰਬਾਣੀ ਵਿਚ ਵਿਭਿੰਨ ਭਾਸ਼ਾਈ ਵੰਨਗੀਆਂ ਦੇ ਮੌਜੂਦ ਅੰਸ਼ ਇਸ ਤੱਥ ਦੀ ਭਲੀਭਾਂਤ ਪੁਸ਼ਟੀ ਕਰਦੇ ਹਨ। ਭਾਵੇਂ ਇਸ ਬੋਲੀ ਦੇ ਨਾਮਕਰਨ ਦਾ ਮਸਲਾ ਜਿਉਂ ਦੀ ਤਿਉਂ ਚਲਿਆ ਆ ਰਿਹਾ ਹੈ ਪਰੰਤੂ ਗੁਰਬਾਣੀ ਦੇ ਸੰਦਰਭ ਵਿਚ ਇਸ ਨੂੰ '**ਗੁਰਮੁਖੀ**' ਦੇ ਨਾਮ ਨਾਲ ਗ੍ਰਹਿਣ ਕਰਨਾ ਹਰ ਪਖੋਂ ਉਚਿਤ ਹੈ।

-3-

'ਗੁਰਮੁਖੀ' ਸ਼ਬਦ, ਅੱਜ ਉਸ ਲਿਪੀ ਵਾਸਤੇ ਰੂੜ੍ਹ ਹੋ ਚੁਕਾ ਹੈ ਜਿਸ ਵਿਚ ਅੱਜ ਕੇਵਲ ਪੰਜਾਬੀ ਬੋਲੀ ਲਿਖੀ ਜਾਂਦੀ ਹੈ। ਸਭ ਤੋਂ ਪਹਿਲਾਂ ਇਸ ਲਿਪੀ ਦੀ ਵਰਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਲਿਖਣ ਲਈ ਹੋਈ ਹੈ ਜਿਸ ਵਿਚ ਗੁਰੂ ਸਾਹਿਬਾਨ, ਭਗਤ ਸਾਹਿਬਾਨ, ਭਟ ਸਾਹਿਬਾਨ ਅਤੇ ਗੁਰਸਿਖਾਂ ਦੀ ਬਾਣੀ ਦਰਜ ਹੈ। ਇਸ ਮਹਾਨ ਧਰਮਗ੍ਰੰਥ ਦੀ ਲਿਪੀ ਵੀ ਗੁਰਮੁਖੀ ਹੈ ਅਤੇ ਭਾਸ਼ਾ ਵੀ ਗੁਰਮੁਖੀ। ਸ੍ਰੀ ਦਸਮ ਗ੍ਰੰਥ ਸਾਹਿਬ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਗੁਰਮੁਖੀ ਰਚਨਾ, ਹੁਕਮਨਾਮੇ, ਰਹਿਤਨਾਮੇ, ਜਨਮਸਾਖੀਆਂ, ਗੁਰ ਸੋਭਾ, ਗੁਰਬਿਲਾਸ, ਮਹਿਮਾ ਪ੍ਰਕਾਸ਼, ਪੰਥ ਪ੍ਰਕਾਸ਼, ਸੂਰਜ ਪ੍ਰਕਾਸ਼ ਸਮੇਤ ਅਨੇਕ ਗ੍ਰੰਥਾਂ ਦੀ ਭਾਸ਼ਾ ਅਤੇ ਲਿਪੀ, ਦੋਵੇਂ ਹੀ ਗੁਰਮੁਖੀ ਹਨ। ਅਸਲ ਵਿਚ ਗੁਰਮੁਖੀ ਲਿਪੀ, ਗੁਰਮੁਖੀ ਭਾਸ਼ਾ ਦੀ ਹੀ ਲਿਪੀ ਹੈ।

ਲਿਪੀ ਅਤੇ ਭਾਸ਼ਾ ਦੇ ਸੰਕਲਪਾਂ ਨੂੰ ਵਖ ਵਖ ਦੇਖਣ ਅਤੇ ਸਮਝਣ ਦਾ ਆਧੁਨਿਕ ਰੁਝਾਨ, ਮਧਕਾਲ ਵਿਚ ਵਰਤਮਾਨ ਦੀ ਤਰ੍ਹਾਂ ਵਖ ਵਖ ਕਰਕੇ ਸੰਕਲਪਨਾ ਨਹੀਂ ਹੈ। ਜਨਮਸਾਖੀਆਂ ਅਤੇ ਹੋਰ ਰਚਨਾਵਾਂ, ਜਿਵੇਂ (ਬਾਬਾ ਸ੍ਰੀ ਚੰਦ ਜੀ ਦੇ ਮਾਤਰੇ ਆਦਿ) ਵਿਚ ਗੁਰਮੁਖੀ ਪਦ ਦੀ ਵਰਤੋਂ ਭਾਸ਼ਾ ਅਤੇ ਲਿਪੀ ਦੋਵੇਂ ਧਾਰਨਾਵਾਂ ਲਈ ਇਕੱਠੀ ਕੀਤੀ ਗਈ ਹੈ।[16] ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ "ਭਗਤੀ ਲਹਿਰ ਸਮੇਂ ਪਰਮਾਰਥ ਮਾਰਗ ਦੇ ਪੰਧਾਊ ਜੋਗੀ, ਨਾਥ, ਸਾਧੂ, ਸੰਤ ਹਿੰਦ ਭਰ ਵਿਚ ਇਕ ਸਾਂਝੀ ਜਿਹੀ ਬੋਲੀ ਵਰਤਦੇ ਸਨ ਤੇ ਉਸ ਨੂੰ 'ਸੰਤ ਭਾਖਾ' ਯਾ 'ਸਧੂਕੜੀ' ਆਖਿਆ ਕਰਦੇ ਸਨ। ਬਾਬਾ ਸ੍ਰੀ ਚੰਦ ਨੇ 'ਜਗਤ ਕਾ ਟੋਪ ਗੁਰਮੁਖੀ ਬੋਲੀ' ਇਸੇ ਨੂੰ ਕਿਹਾ ਹੈ।"[17] ਬੇਸ਼ੱਕ ਵਿਦਵਾਨਾਂ ਨੇ ਗੁਰਬਾਣੀ ਦੀ ਭਾਸ਼ਾ ਨੂੰ ਸਧੂਕੜੀ, ਸਾਧਭਾਸ਼ਾ, ਹਿੰਦਵੀ, ਹਿੰਦੁਸਤਾਨੀ, ਪੁਰਾਤਨ ਪੰਜਾਬੀ, ਮੱਧਕਾਲੀਨ ਪੰਜਾਬੀ, ਅਨੇਕ ਤਰ੍ਹਾਂ ਦੀ ਸ਼ਬਦਾਵਲੀ ਨਾਲ ਨਿਵਾਜਿਆ ਹੈ; ਪਰੰਤੂ ਗੁਰਬਾਣੀ ਦੀ ਭਾਸ਼ਾ ਨੂੰ **ਗੁਰਮੁਖੀ** ਤੋਂ ਬਿਨਾਂ ਕਿਸੇ ਹੋਰ ਨਾਂ ਨਾਲ ਸੰਬੋਧਨ ਕਰਨਾ, ਇਸ ਦੇ ਮੂਲ ਸਰੂਪ/ਪ੍ਰਕਿਰਤੀ ਨੂੰ ਨਜ਼ਰਅੰਦਾਜ਼ ਕਰਨਾ ਹੈ। ਅਸਲ ਵਿਚ ਗੁਰਬਾਣੀ ਦੀ ਭਾਸ਼ਾ **ਗੁਰਮੁਖੀ** ਹੈ।

ਗੁਰਬਾਣੀ, ਸਿੱਖ ਲਈ ਗੁਰੂ ਦਾ ਦਰਜਾ ਰਖਦੀ ਹੈ; 'ਬਾਣੀ ਗੁਰੂ ਗੁਰੂ ਹੈ ਬਾਣੀ...' ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵਲੋਂ ਨਾਂਦੇੜ (ਮਹਾਂਰਾਸ਼ਟਰ) ਵਿਖੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਰਯਾਦਾ ਸਹਿਤ ਗੁਰਿਆਈ ਸੌਂਪ ਕੇ ਇਸ ਧਾਰਨਾ ਨੂੰ ਸਦੀਵੀ ਤੌਰ ਉੱਤੇ ਪ੍ਰਮਾਣਿਤ ਕਰ ਦਿਤਾ। ਭਗਤ ਸਾਹਿਬਾਨ ਤੇ ਭਟ ਸਾਹਿਬਾਨ ਦੀ ਬਾਣੀ ਸਮੇਤ ਗੁਰੂ ਗ੍ਰੰਥ ਸਾਹਿਬ ਦੀ ਸਮੁਚੀ ਬਾਣੀ ਹੀ ਹੁਣ **ਗੁਰੂ** ਦਾ ਦਰਜਾ ਰਖਦੀ ਹੈ ਜਿਸ ਦੇ ਪਾਠ-ਪਠਨ ਦੀ ਇਕ ਲੰਬੀ ਪਰੰਪਰਾ ਹੈ। ਗੁਰਿਆਈ ਦ੍ਰਿਸ਼ਟੀ ਤੋਂ ਵੀ 'ਗੁਰੂ-ਸਰੂਪ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪਾਠ/ਬਾਣੀ ਦੀ ਭਾਸ਼ਾ (ਬੋਲੀ) ਲਈ '**ਗੁਰਮੁਖੀ**' ਨਾਮਕਰਨ ਬਿਲਕੁਲ ਢੁਕਵਾਂ ਅਤੇ ਪ੍ਰਮਾਣਿਕ ਹੈ।

ਗੁਰਮੁਖੀ (ਲਿਪੀ ਅਤੇ ਭਾਸ਼ਾ) ਦਾ ਭੂਗੋਲਿਕ ਅਤੇ ਸਭਿਆਚਾਰਕ ਦਾਇਰਾ ਬਹੁਤ ਵਸੀਹ ਰਿਹਾ ਹੈ। ਇਕ ਸਮਾਂ ਸੀ ਜਦ ਗੁਰਮੁਖੀ, (ਭਾਰਤ ਅਤੇ ਪਾਕਿਸਤਾਨ ਸਮੇਤ) ਦੱਖਣੀ ਏਸ਼ੀਆ ਉਪ-ਮਹਾਂਦੀਪ ਦੇ ਵਿਸ਼ਾਲ ਖਿੱਤੇ ਵਿਚ

ਸਾਂਝੀ ਸੰਪਰਕ ਭਾਸ਼ਾ ਵਜੋਂ ਵੱਡੀ ਪੱਧਰ ਉੱਤੇ ਪ੍ਰਚਲਿਤ ਸੀ। ਗੁਰੂ ਸਾਹਿਬਾਨ, ਸਿੱਖ ਮਿਸਲਾਂ/ਰਿਆਸਤਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਪੁਸ਼ਤਪਨਾਹੀ ਸਦਕਾ ਗੁਰਮੁਖੀ ਨੇ ਦੂਰ ਦੂਰ ਤਕ ਵਿਕਾਸ ਕੀਤਾ ਸੀ। ਉਦਾਸੀ, ਨਿਰਮਲੇ ਅਤੇ ਸੇਵਾਪੰਥੀ ਆਦਿ ਸਮੇਤ ਰਵਾਇਤੀ ਸਿੱਖ ਟਕਸਾਲਾਂ ਨਾਲ ਸੰਬੰਧਤ ਗੁਰਮੁਖਾਂ/ਮਹਾਂਪੁਰਖਾਂ ਦੇ ਉਪਰਾਲਿਆਂ ਸਦਕਾ ਅਫਗਾਨਿਸਤਾਨ ਤੋਂ ਬਿਹਾਰ-ਬੰਗਾਲ ਅਤੇ ਕਸ਼ਮੀਰ ਤੋਂ ਸਿੰਧ-ਮਹਾਂਰਾਸ਼ਟਰ ਤਕ ਛੋਟੇ/ਵੱਡੇ ਗੁਰਮੁਖੀ ਵਿਦਿਆਲਿਆਂ/ਪਾਠਸਾਲਾਵਾਂ ਦਾ ਜਾਲ ਵਿਛਿਆ ਹੋਇਆ ਸੀ। ਇਸ ਵਿਸ਼ਾਲ ਖੇਤਰ ਵਿਚ ਵਿਆਪਕ ਪ੍ਰਚਲਿਤ ਭਾਸ਼ਾ ਵਿਚ ਰਚਿਆ ਮੱਧਕਾਲੀ ਸਾਹਿਤ, ਵੱਡੀ ਮਾਤਰਾ ਵਿਚ ਗੁਰਮੁਖੀ ਲਿਪੀ ਵਿਚ ਲਿਖਿਆ ਮਿਲਦਾ ਹੈ। ਇਹ ਉਹ ਸਮਾਂ ਸੀ ਜਦ ਦੱਖਣੀ ਏਸ਼ੀਆ ਦੇ ਉਤਰ ਭਾਰਤੀ ਉਪ-ਮਹਾਂਦੀਪ ਦੇ ਕਵੀਆਂ ਅਤੇ ਲਿਖਾਰੀਆਂ ਦੀ ਵੱਡੀ ਗਿਣਤੀ ਗੁਰਮੁਖੀ ਵਿਚ ਲਿਖਣ ਵਿਚ ਮਾਣ ਮਹਿਸੂਸ ਕਰਦੀ ਸੀ। ਦਸਮੇਸ਼ ਦਰਬਾਰ ਦੇ ਸੈਂਕੜੇ ਕਵੀਆਂ, ਲਿਖਾਰੀਆਂ ਅਤੇ ਵਿਦਵਾਨਾਂ ਦੀਆਂ ਗੁਰਮੁਖੀ ਰਚਨਾਵਾਂ ਇਸ ਦਾ ਪ੍ਰਤਖ ਪ੍ਰਮਾਣ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੇਤ ਸੈਂਕੜੇ ਪੁਰਾਤਨ ਗ੍ਰੰਥਾਂ ਦੇ ਅਨੇਕ ਉਤਾਰੇ ਇਸ ਤਥ ਨੂੰ ਭਲੀ ਭਾਂਤ ਪ੍ਰਮਾਣਿਤ ਕਰਦੇ ਹਨ। ਇਹ ਗੱਲ ਵਖਰੀ ਹੈ ਕਿ ਪਿਛਲੀ ਲਗਪਗ ਇਕ ਸਦੀ ਤੋਂ ਇਸ ਕੀਮਤੀ ਸਰਮਾਏ ਦਾ ਵੱਡਾ ਹਿਸਾ ਅਣਗਹਿਲੀ, ਅਲਪਗਤਾ ਅਤੇ ਸਾਜ਼ਿਸ਼ਾਂ ਆਦਿ ਵਖ ਵਖ ਕਾਰਨਾਂ ਕਰਕੇ ਨਸ਼ਟ ਹੋ ਚੁਕਾ ਹੈ।

ਵਰਤਮਾਨ ਸਮੇਂ ਗੁਰਬਾਣੀ ਦੇ ਉਚਾਰਨ (articulation) ਅਤੇ ਲਿਪੀਅੰਤਰਨ (transliteration) ਨਾਲ ਜੁੜੇ ਹੋਏ ਬਹੁਪ੍ਰਕਾਰੀ ਵਿਵਾਦੀ ਸਰੋਕਾਰਾਂ ਦਾ ਇਕ ਵੱਡਾ ਕਾਰਨ, ਗੁਰਬਾਣੀ ਦੀ ਭਾਸ਼ਾ ਬਾਰੇ ਅਲਪਗ ਧਾਰਨਾਵਾਂ ਦਾ ਕਾਇਮ ਹੋ ਜਾਣਾ ਹੈ। ਇਕ ਧਾਰਨਾ, ਇਸ ਦੀ ਭਾਸ਼ਾ ਨੂੰ ਕੇਵਲ ਵਰਤਮਾਨ **ਪੰਜਾਬੀ** ਤਸੱਵਰ ਕਰ ਲੈਣਾ ਹੈ। ਗੁਰਬਾਣੀ ਦੀ ਭਾਸ਼ਾ ਬਾਰੇ ਜਾਣੇ-ਅਣਜਾਣੇ ਅਪਣਾਈ ਜਾ ਰਹੀ ਇਸ ਧਾਰਨਾ ਦੇ ਪੈਰੋਕਾਰ, ਗੁਰਬਾਣੀ ਦੇ ਉਚਾਰਨ ਨੂੰ **ਅਜੋਕੀ ਪੰਜਾਬੀ** ਵਾਂਗ ਉਚਾਰਨ ਕਰਨ ਵੱਲ ਰੁਚਿਤ ਜਾਂ ਬਜਿਦ ਹਨ। ਗੁਰਬਾਣੀ ਦਾ ਲਿਪੀਅੰਤਰਨ ਕਰਨ ਵਾਲੇ ਵਧੇਰੇ ਲਿਪੀਅੰਤਰਨਕਾਰ ਵੀ, ਜਦ ਮੂਲ-ਪਾਠ ਜਾਂ ਉਸ ਦੇ ਮੂਲ **ਗੁਰਮੁਖੀ** ਉਚਾਰਨ ਦੀ ਥਾਂ ਅਜੋਕੇ ਪੰਜਾਬੀ ਉਚਾਰਨ ਨੂੰ ਲਿਪੀਅੰਤਰਨ ਦਾ ਅਧਾਰ ਬਣਾਉਂਦੇ ਹਨ ਤਾਂ ਗੁਰਬਾਣੀ ਪਾਠ ਦੇ ਭਿੰਨ ਭਿੰਨ ਸੰਸਕਰਨਾਂ ਦਾ ਹੋਂਦ ਵਿਚ ਆਉਣਾ ਸੁਭਾਵਿਕ ਹੈ। ਸੋ ਗੁਰਬਾਣੀ ਭਾਸ਼ਾ ਦੇ ਮੂਲ ਗੁਰਮੁਖੀ ਸਰੂਪ ਦੀ ਸਮਝ ਤੋਂ ਸੱਖਣੀ ਹੋਣ ਕਰਕੇ ਉਕਤ ਧਾਰਨਾ, ਗੁਰਬਾਣੀ ਦੇ ਉਚਾਰਨ ਅਤੇ ਲਿਪੀਅੰਤਰਨ ਬਾਰੇ ਅਨੇਕ ਪ੍ਰਕਾਰੀ ਗਲਤ ਮਿਥਾਂ ਅਤੇ ਭਰਾਂਤੀਆਂ ਪੈਦਾ ਕਰਨ ਦੀ ਵਜ੍ਹਾ ਬਣ ਰਹੀ ਹੈ, ਜਿਸ ਕਾਰਨ ਗੁਰਬਾਣੀ ਦੇ ਨਵੇਂ ਨਵੇਂ ਪਾਠ ਹੋਂਦ ਵਿਚ ਆ ਰਹੇ ਹਨ।

**-4-**

ਗੁਰਬਾਣੀ, ਧੁਰ ਕੀ ਅਕਾਲੀ ਬਾਣੀ ਹੈ। ਇਹ ਗੁਰੂ ਦੇ ਮੁਖਾਰਬਿੰਦ ਤੋਂ ਉਚਰੇ ਪਾਵਨ ਬੋਲ ਹਨ, ਜੋ ਗੁਰਮੁਖੀ ਵਿਚ ਲਿਖੇ ਗਏ ਹਨ। ਇਸ ਤਰ੍ਹਾਂ ਗੁਰਮੁਖੀ, ਗੁਰੂ ਦੇ ਮੁਖਾਰਬਿੰਦ ਤੋਂ ਉਚਰੀ ਹੋਈ ਰੂਹਾਨੀਅਤ ਨਾਲ ਵਰੋਸਾਈ ਵਿਸਮਾਦੀ ਭਾਸ਼ਾ ਹੈ, ਜੋ ਸਰਬੱਤ ਦੇ ਭਲੇ ਨਾਲ ਸੰਜੋਈ ਹੋਈ ਹੈ। ਗੁਰਮੁਖੀ, ਰੱਬੀ ਪ੍ਰੇਮ ਅਤੇ ਮਿਹਰ ਨਾਲ ਸ਼ਰਸ਼ਾਰ ਸਰਬਸਾਂਝੀ ਭਾਸ਼ਾ ਹੈ ਜੋ ਵਿਭਿੰਨ ਖੇਤਰਾਂ ਦੇ ਵੰਨਸੁਵੰਨੇ ਭਾਈਚਾਰਿਆਂ ਵਿਚਕਾਰ ਸਾਂਝ ਦੇ ਸੰਪਰਕ ਸੂਤਰ ਦੀ ਲਖਾਇਕ ਹੈ।

1. ਗੁਰਮੁਖੀ, ਰੱਬੀ ਪ੍ਰੇਮ ਅਤੇ ਭਗਤੀ-ਭਾਵਾਂ ਦੇ ਸੰਚਾਰ-ਇਜ਼ਹਾਰ ਦੀ ਭਾਸ਼ਾ ਹੈ।
2. ਗੁਰਮੁਖੀ, ਰੂਹ ਦੇ ਖੇੜੇ, ਭਾਵ ਆਤਮ ਵਿਗਾਸ ਅਤੇ ਪਰਗਾਸ ਦੀ ਭਾਸ਼ਾ ਹੈ।
3. ਇਹ ਜੀਵਨ ਸੰਵਾਰਨ ਵਾਲੀ ਸਰਬ-ਕਲਿਆਣਕਾਰੀ ਅਤੇ ਮੁਕਤੀਦਾਤਾ ਪ੍ਰਕਿਰਤੀ ਵਾਲੀ ਭਾਸ਼ਾ ਹੈ ਜੋ ਮੌਲਿਕ, ਅਦੁੱਤੀ ਅਤੇ ਨਿਰਾਲੀ ਹੈ।
4. ਗੁਰਮੁਖੀ, ਰੱਬੀ ਸੁਭਾਅ ਦੀ ਅਨੁਸਾਰੀ ਹੋਣ ਕਰਕੇ ਵਿਸਮਾਦੀ ਸੁਭਾਅ ਦੀ ਮਾਲਕ ਹੈ; ਗੈਰ-ਸੰਪਰਦਾਇਕ ਹੈ।

5. ਗੁਰਮੁਖੀ, ਕੁਦਰਤ ਦੇ ਸੁਭਾਅ ਅਨੁਕੂਲ ਹੋਣ ਕਰਕੇ ਸਭ ਨੂੰ ਨਾਲ ਲੈ ਕੇ ਅਤੇ ਸਭ ਦੇ ਨਾਲ ਹੋ ਕੇ ਚੱਲਣ ਦੀ ਸਮਰਥਾ ਰਖਦੀ ਹੈ।
6. ਗੁਰਮੁਖੀ, ਸਾਰੀਆਂ ਭਾਸ਼ਾਵਾਂ/ਭਾਈਚਾਰਿਆਂ ਨਾਲ ਸੰਵਾਦ ਰਚਾਉਣ ਅਤੇ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕਰਨਹਾਰ ਭਾਸ਼ਾ ਹੈ।
7. ਰੱਬੀ ਗੁਣਾਂ ਨਾਲ ਭਰਪੂਰ ਇਹ ਭਾਸ਼ਾ, ਰੱਬ ਦੇ ਸਾਰੇ ਨਾਵਾਂ-ਰੂਪਾਂ ਨੂੰ ਸਮੋਈ ਬੈਠੀ ਹੈ ਜਿਸ ਨੇ ਧਾਰਮਿਕ ਵੰਨਸੁਵੰਨਤਾਵਾਂ ਵਿਚਕਾਰ ਭਾਈਚਾਰਕ ਸਾਂਝ ਅਤੇ ਇਕਸੁਰਤਾ ਨੂੰ ਸਿਰਜਿਆ, ਵਧਾਇਆ, ਪ੍ਰਫੁਲਿਤ ਕੀਤਾ ਹੈ।
8. ਗੁਰਮੁਖੀ ਦਾ ਹਾਜ਼ਮਾ ਲਾਜਵਾਬ ਹੈ ਜਿਸ ਨੇ ਦੱਖਣੀ ਅਤੇ ਪੱਛਮੀ ਏਸ਼ੀਆ ਦੀਆਂ ਅਨੇਕਪ੍ਰਕਾਰੀ ਬੋਲੀਆਂ-ਉਪਬੋਲੀਆਂ ਦੇ ਸ਼ਬਦਾਂ ਨੂੰ ਆਸਾਨੀ ਨਾਲ ਆਪਣੇ ਅੰਦਰ ਸਮੋਇਆ ਹੋਇਆ ਹੈ; ਜਜ਼ਬ ਕੀਤਾ ਹੋਇਆ ਹੈ।
9. ਗੁਰਮੁਖੀ ਵੰਨਸੁਵੰਨੀਆਂ ਬੋਲੀਆਂ, ਉਪਬੋਲੀਆਂ ਬੋਲਣ ਵਾਲੇ ਲੋਕਾਂ ਵਿਚਕਾਰ ਸਾਂਝਾ ਸੂਤਰ ਬਣੀ। ਇਸ ਨੇ ਵੰਨਸੁਵੰਨੀਆਂ ਬੋਲੀਆਂ, ਉਪਬੋਲੀਆਂ ਦੀ ਸ਼ਬਦਾਵਲੀ ਅਤੇ ਭਾਸ਼ਾ-ਸ਼ੈਲੀਆਂ ਨੂੰ ਸੰਜੋ ਕੇ ਇਕ ਵੱਡੇ ਭੂਗੋਲਿਕ ਦਾਇਰੇ ਵਿਚ ਆਪਣੇ ਆਪ ਨੂੰ ਸਰਬਸਾਂਝੀ ਮਹਾਂਭਾਸ਼ਾ ਵਜੋਂ ਸਥਾਪਤ ਕੀਤਾ।
10. ਇਹ ਅੱਜ ਵੀ ਸੰਸਾਰ ਦੇ ਹਰ ਖਿੱਤੇ, ਹਰ ਕਿੱਤੇ, ਹਰ ਵਰਗ, ਹਰ ਧਰਮ, ਹਰ ਸਭਿਅਤਾ, ਹਰ ਸਭਿਆਚਾਰ ਦੇ ਲੋਕਾਂ ਵਿਚਕਾਰ ਆਪਸੀ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤੀ ਨਾਲ ਜੋੜਨ ਦੀ ਸਮਰੱਥਾ ਨਾਲ ਭਰਪੂਰ ਹੈ।

ਗੁਰਬਾਣੀ ਦੀ ਭਾਸ਼ਾ 'ਗੁਰਮੁਖੀ' ਵਿਚ ਵਖ ਵਖ ਧਰਮਪੰਥਾਂ, ਸਭਿਆਤਾਵਾਂ-ਸਭਿਆਚਾਰਾਂ, ਕਬੀਲਿਆਂ, ਭਾਈਚਾਰਿਆਂ ਨਾਲ ਸੰਬੰਧਤ ਸ਼ਬਦਾਵਲੀ ਮੌਜੂਦ ਹੈ। ਇਸ ਭਾਸ਼ਾ ਵਿਚ ਵਖ ਵਖ ਇਲਾਕਿਆਂ-ਦੇਸਾਂ, ਬੋਲੀਆਂ-ਉਪਬੋਲੀਆਂ, ਕਿੱਤਿਆਂ, ਕਾਰੋਬਾਰਾਂ ਨਾਲ ਸੰਬੰਧਤ ਸ਼ਬਦਾਵਲੀ ਮੌਜੂਦ ਹੈ। ਗੁਰਮੁਖੀ, ਕਿਸੇ ਖਾਸ ਖਿੱਤੇ, ਕਿੱਤੇ ਜਾਂ ਵਰਗ ਦੀ ਭਾਸ਼ਾ ਨਹੀਂ ਹੈ। ਇਹ ਅਜੋਕੀ ਪੰਜਾਬੀ, ਹਿੰਦੀ, ਸਿੰਧੀ, ਹਿੰਦੁਸਤਾਨੀ ਜਾਂ ਉਰਦੂ, ਸਭਨਾਂ ਤੋਂ ਨਿਆਰੀ, ਨਿਵੇਕਲੀ ਅਤੇ ਮੂਲਕ ਭਾਸ਼ਾ ਹੈ, ਬਲਕਿ ਇਹ ਕਹਿਣਾ ਵੀ ਦਰੁਸਤ ਹੋਵੇਗਾ ਕਿ ਗੁਰਮੁਖੀ ਇਨ੍ਹਾਂ ਸਾਰੀਆਂ ਭਾਸ਼ਾਵਾਂ ਦੀ ਜਣਨੀ ਹੈ। ਅਪਭ੍ਰੰਸ਼ਾਂ ਤੋਂ ਬਾਅਦ ਆਧੁਨਿਕ ਭਾਸ਼ਾਵਾਂ ਦੇ ਵਿਕਸਿਤ ਹੋਣ ਤੋਂ ਪਹਿਲਾਂ ਦਾ ਪੜਾਅ 'ਗੁਰਮੁਖੀ' ਦਾ ਹੈ। ਕਹਿਣ ਤੋਂ ਭਾਵ, ਪ੍ਰਾਕ੍ਰਿਤਾਂ ਤੋਂ ਅਪਭ੍ਰੰਸ਼ਾਂ ਦੀ ਵਿਕਾਸ-ਯਾਤਰਾ ਤੋਂ ਬਾਅਦ ਉਤਰੀ ਭਾਰਤ ਦੀਆਂ ਆਧੁਨਿਕ ਭਾਸ਼ਾਵਾਂ ਦੇ ਵਿਕਾਸ ਦਾ ਸਫਰ, ਗੁਰਮੁਖੀ ਦੇ ਦੌਰ (1200-1700 ਈਸਵੀ) ਵਿਚੋਂ ਦੀ ਹੋ ਕੇ ਗੁਜ਼ਰਿਆ ਹੈ। ਜਾਤੀ, ਮਜ਼ਹਬੀ, ਖੇਤਰੀ, ਭਾਸ਼ਾਈ ਸੰਕੀਰਨ ਡੱਬੇਬੰਦੀਆਂ ਤੋਂ ਮੁਕਤ ਹੋ ਕੇ ਗੁਰਮੁਖੀ ਭਾਸ਼ਾ ਨੂੰ ਵਿਸ਼ਾਲ ਦ੍ਰਿਸ਼ਟੀਕੋਣ ਨਾਲ ਸਮਝਣਾ, ਅਰਥਾਉਣਾ-ਵਿਆਖਿਆਉਣਾ ਅਤੇ ਪੇਸ਼ ਕਰਨਾ ਅਜੋਕੇ ਸਮੇਂ ਦੀ ਵੱਡੀ ਲੋੜ ਹੈ। ਅਜਿਹਾ ਕਰਨ ਵਿਚ ਅਨੇਕ ਰਾਸ਼ਟਰੀ-ਅੰਤਰਰਾਸ਼ਟਰੀ ਸਮਸਿਆਵਾਂ ਦੇ ਹੱਲ, ਅਰਥਾਤ 'ਸਰਬਤ ਦਾ ਭਲਾ' ਛੁਪਿਆ ਹੋਇਆ ਹੈ।

**-5-**

ਗੁਰਬਾਣੀ ਦੀ ਭਾਸ਼ਾ '**ਗੁਰਮੁਖੀ**' ਦੀਆਂ ਭਾਸ਼ਾਈ ਅਤੇ ਵਿਆਕਰਨਕ ਵਿਸ਼ੇਸ਼ਤਾਵਾਂ ਦੀ ਨਿਸ਼ਾਨਦੇਹੀ ਇਕ ਵਖਰਾ ਭਾਸ਼ਾ-ਵਿਗਿਆਨਕ ਵਿਸ਼ਾ/ਸਰੋਕਾਰ ਹੈ, ਜਿਸ ਬਾਰੇ ਵਖ ਵਖ ਵਿਚਾਰ ਹੋ ਸਕਦੇ ਹਨ। ਪਰੰਤੂ ਇਸ ਦੇ '**ਗੁਰਮੁਖੀ**' ਨਾਮਕਰਨ ਬਾਰੇ ਵਿਵਾਦ ਦੀ ਕੋਈ ਗੁੰਜਾਇਸ਼ ਨਹੀਂ ਹੋ ਸਕਦੀ; ਇਸ ਨਾਮ ਨੂੰ ਨਿਰਵਿਵਾਦ ਪ੍ਰਵਾਨ ਕਰਨਾ ਬਣਦਾ ਹੈ। ਅੱਜ ਪੰਜਾਬ ਜਾਂ ਦੇਸ-ਬਦੇਸ ਦੇ ਕਿਸੇ ਵਿਦਿਅਕ/ਅਕਾਦਮਿਕ ਅਦਾਰੇ ਵਿਚ ਗੁਰਮੁਖੀ ਦੇ ਅਧਿਅਨ-ਅਧਿਆਪਨ ਦੀ ਕੋਈ ਵਖਰੀ-ਨਿਵੇਕਲੀ ਪਰੰਪਰਾ ਨਜ਼ਰ ਨਹੀਂ ਆਉਂਦੀ। ਪੰਜਾਬੀ ਵਿਸ਼ੇ ਜਾਂ ਵਿਭਾਗਾਂ ਦੇ ਅੰਤਰਗਤ ਜੋ ਪੰਜਾਬੀ ਦਾ ਅਧਿਅਨ-ਅਧਿਆਪਨ ਹੋ ਰਿਹਾ ਹੈ, ਉਸ ਵਿਚੋਂ ਗੁਰਮੁਖੀ ਦੀਆਂ ਮੌਲਿਕ ਵਿਲਖਣਤਾਵਾਂ-

ਵਿਸ਼ੇਸ਼ਤਾਵਾਂ ਗਾਇਬ ਹਨ। ਪੰਜਾਬੀ ਵਿਸ਼ੇ ਦੇ ਸਿਲੇਬਸਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤਰ ਬਾਣੀ ਸਮੇਤ ਹੋਰ ਪੁਰਾਤਨ ਗੁਰਮੁਖੀ ਗ੍ਰੰਥਾਂ ਦੀ ਪੜ੍ਹਾਈ ਨਾਮਾਤਰ ਰਹਿ ਗਈ ਹੈ। ਇਹ ਵੀ ਗੰਭੀਰਤਾ ਨਾਲ ਵਿਚਾਰੇ ਜਾਣ ਦੀ ਜ਼ਰੂਰਤ ਹੈ।

---


1. ਮੋਹਣ ਸਿੰਘ (ਡਾ.), ਪੰਜਾਬੀ ਭਾਸ਼ਾ ਤੇ ਛੰਦਾਬੰਦੀ, ਓਰੀਐਂਟਲ ਕਾਲਜ, ਲਾਹੌਰ, 1937.
2. ਹਰਬੰਸ ਸਿੰਘ, ਗੁਰੂ ਨਾਨਕ ਦੇਵ ਦੀ ਕਾਵਿਕਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003, 286-287.
3. (ੳ) ਮਨਮੋਹਨ ਸਹਿਗਲ (ਡਾ.), ਗੁਰੂ ਗ੍ਰੰਥ ਸਾਹਿਬ : ਇਕ ਸਭਿਆਚਾਰਕ ਸਰਵੇਖਣ, ਭਾਸ਼ਾ ਵਿਭਾਗ ਪੰਜਾਬ, 1987, ਪੰਨਾ 119.
   (ਅ) ਪਿਆਰਾ ਸਿੰਘ ਪਦਮ (ਪ੍ਰੋ.) ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ਤੀਜੀ ਵਾਰ, 2004.
4. ਨਵਰਤਨ ਕਪੂਰ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ : ਵਿਭਿੰਨ ਪਰਿਪੇਖ, (ਸੰਪਾ.) ਡਾ. ਜਸਬੀਰ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ 104.
5. ਉਜਾਗਰ ਸਿੰਘ (ਡਾ.), "ਗੁਰੂ ਨਾਨਕ ਦੇਵ ਜੀ ਦੀ ਭਾਸ਼ਾ", ਪਰਖ, ਅੰਕ 2, 1970, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
6. (ੳ) ਹਰਕੀਰਤ ਸਿੰਘ (ਡਾ.), ਗੁਰਬਾਣੀ ਦੀ ਭਾਸ਼ਾ ਤੇ ਵਿਆਕਰਣ, 1997, ਪੰਨਾ 36.
   (ਅ) ਪ੍ਰੇਮ ਪ੍ਰਕਾਸ਼ ਸਿੰਘ (ਡਾ.), ਗੁਰੂ ਨਾਨਕ ਅਤੇ ਨਿਰਗੁਣਧਾਰਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1973, ਪੰਨਾ 338.
7. ਭਾਈ ਵੀਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, (ਸੰਪਾ. ਸੁਰਿੰਦਰ ਸਿੰਘ ਕੋਹਲੀ) ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, ਦੂਜੀ ਵਾਰ, 1992, ਪੰਨਾ 56.
8. Christopher Shackle, *An Introduction to the Sacred Language of the Sikhs,* University of London, Second Edition, 1986, preface.
9. ਕ੍ਰਿਸ਼ਨ ਲਾਲ ਸ਼ਰਮਾ ਅਤੇ ਨਰਿੰਦਰ ਕੌਰ ਭਾਟੀਆ (ਸੰਪਾ.), ਬਾਣੀ-ਬਿਲਾਸ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, 1982, ਪੰਨਾ 54.
10. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਰੂਪ ਵਿਗਿਆਨ ਅਤੇ ਪੰਜਾਬੀ ਸ਼ਬਦ ਰਚਨਾ, 2002, ਪੰਨੇ 157-158.
11. ਪ੍ਰੋ. ਪਿਆਰਾ ਸਿੰਘ ਪਦਮ, ਪੰਜਾਬੀ ਬੋਲੀ ਦਾ ਇਤਿਹਾਸ (1995), ਪੰਨਾ 135.
12. ਪ੍ਰੇਮ ਪ੍ਰਕਾਸ਼ ਸਿੰਘ (ਡਾ.), ਰੂਪ ਵਿਗਿਆਨ ਅਤੇ ਪੰਜਾਬੀ ਸ਼ਬਦ ਰਚਨਾ, ਪੰਨਾ 157-158.
13. ਉਹੀ
14. ਕ੍ਰਿਸ਼ਣ ਲਾਲ ਸ਼ਰਮਾ ਅਤੇ ਨਰਿੰਦਰ ਕੌਰ ਭਾਟੀਆ, ਬਾਣੀ ਬਿਲਾਸ, ਪੰਨਾ 26.
15. ਸੁਰਿੰਦਰ ਸਿੰਘ ਕੋਹਲੀ (ਸੰਪਾ.), ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰਨਾ 62-63.
16. ਪ੍ਰੋ. ਪਿਆਰਾ ਸਿੰਘ ਪਦਮ, ਸਿੱਖ ਸੰਪ੍ਰਦਾਵਲੀ (2000), ਪੰਨਾ 43.
17. ਪ੍ਰੋ. ਪਿਆਰਾ ਸਿੰਘ ਪਦਮ, ਗੁਰਮੁਖੀ ਲਿੱਪੀ ਦਾ ਇਤਿਹਾਸ (2000), ਪੰਨਾ 56.



**ਡਾਇਰੈਕਟਰ**
**ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ**
**ਇੰਸਟੀਚਿਊਟ ਆਫ਼ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ,**
**ਬਹਾਦਰਗੜ੍ਹ (ਪਟਿਆਲਾ)-147021.**

# ਗੁਰਮਤਿ ਸੰਗੀਤ ਵਿਚ ਪਦੇ ਗਾਇਨ ਸ਼ੈਲੀ ਵਜੋਂ

**ਡਾ. ਗੁਰਨਾਮ ਸਿੰਘ**

ਸਿੱਖ ਧਰਮ ਦੇ ਆਦਿ ਤੋਂ ਹੀ ਕੀਰਤਨ ਦਾ ਬੁਨਿਆਦੀ ਮਹੱਤਵ ਹੈ। ਇਸੇ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਗਾਇਨ ਕੀਤੇ ਜਾ ਸਕਣ ਵਾਲੀ ਸੰਗੀਤਕ ਰਚਨਾ ਵਜੋਂ ਕੀਤਾ ਗਿਆ ਹੈ ਜਿਸਨੂੰ ਭਾਰਤੀ ਸਾਹਿਤ ਤੇ ਸੰਗੀਤ ਦੀ ਪਰੰਪਰਾ ਵਿਚ ਗੇਯ ਰਚਨਾ ਵੀ ਕਿਹਾ ਜਾਂਦਾ ਹੈ। ਬਾਣੀ ਦੇ ਰੂਪ ਵਿਚ ਗਾਇਨ ਕੀਤੀਆਂ ਜਾਣ ਵਾਲੀਆਂ ਇਨ੍ਹਾਂ ਰਚਨਾਵਾਂ ਨੂੰ ਕੀਰਤਨ ਕਰਨ ਹਿਤ ਵੱਖ-ਵੱਖ ਸਿਰਲੇਖਾਂ ਤੇ ਸੰਕੇਤਾਂ ਵਿਚ ਨਿਬੰਧ ਕੀਤਾ ਗਿਆ ਹੈ ਜੋ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਮਤਿ ਸੰਗੀਤ ਵਿਧਾਨ ਨੂੰ ਸਰੂਪਤ ਕਰਨ ਵਿਚ ਸਹਾਈ ਹੁੰਦੇ ਹਨ। ਇਸ ਕਰਕੇ ਪਾਠ, ਵਿਆਖਿਆ, ਵਿਸ਼ਲੇਸ਼ਣ ਤੇ ਕੀਰਤਨ ਸਾਰਿਆਂ ਲਈ ਇਸ ਦੇ ਸੰਕਲਨ ਪ੍ਰਬੰਧ ਨੂੰ ਜਾਣਨਾ ਜ਼ਰੂਰੀ ਹੈ। ਨਹੀਂ ਤਾਂ ਆਪੋ-ਆਪਣੀ ਦ੍ਰਿਸ਼ਟੀ ਤੋਂ ਪਾਠ ਅਤੇ ਅਧਿਐਨ ਤਾਂ ਹੋ ਸਕੇਗਾ ਗੁਰਮਤਿ ਅਨੁਸਾਰ ਅਸੀਂ ਬਾਣੀ ਦੇ ਇਲਾਹੀ ਗਿਆਨ ਦੇ ਪ੍ਰਕਾਸ਼ ਤੋਂ ਵਾਂਝੇ ਰਹਿ ਜਾਵਾਂਗੇ। ਇਸੇ ਲਈ ਅਸੀਂ ਕੇਵਲ ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਲਈ ਇਨ੍ਹਾਂ ਸਿਰਲੇਖਾਂ ਤੇ ਸੰਕੇਤਾਂ ਦੀ ਪਛਾਣ ਉਜਾਗਰ ਕਰਨ ਦਾ ਨਿਮਾਣਾ ਜਿਹਾ ਯਤਨ ਕਰ ਰਹੇ ਹਾਂ।

'ਰਾਗ' ਤੇ 'ਮਹਲਾ' ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਬੱਧ ਬਾਣੀ ਵਿਚ ਵੱਖ-ਵੱਖ ਬਾਣੀ ਰੂਪਾਂ ਦੇ ਕਾਵਿਕ ਸਰੂਪ ਦੇ ਸੰਕੇਤ ਹਨ ਜਿਵੇਂ ਪਦੇ, ਅਸ਼ਟਪਦੀ, ਛੰਤ ਆਦਿ। ਪਦ ਸਿਰਲੇਖ ਚਉਪਦੇ, ਦੁਪਦੇ, ਤਿਪਦੇ ਦੇ ਰੂਪ ਵਿਚ ਹਨ। ਚਉਪਦੇ ਚਾਰ ਪਦਿਆਂ ਵਾਲੀ ਰਚਨਾ ਤੇ ਤਿਪਦੇ ਤਿੰਨ ਪਦਿਆਂ ਵਾਲੀ ਰਚਨਾ। ਇਸੇ ਤਰ੍ਹਾਂ ਅਸ਼ਟਪਦੀ ਅੱਠ ਪਦਿਆਂ ਵਾਲੀ ਬਾਣੀ ਰਚਨਾ ਨੂੰ ਵਖਰੇ ਤੌਰ 'ਤੇ ਦਰਸਾਇਆ ਗਿਆ ਹੈ। ਗੁਰਮਤਿ ਪ੍ਰਥਾ ਅਨੁਸਾਰ ਬਾਣੀ ਵਿਚ ਕਾਵਿ ਪੰਕਤੀ ਨੂੰ 'ਤੁਕ' ਕਿਹਾ ਜਾਂਦਾ ਹੈ। ਪਦੇ ਇਕ ਤੁਕੀਏ, ਦੋ ਤੁਕੀਏ, ਤਿਤੁਕੀਏ ਤੇ ਚਉਤੁਕੀਏ ਵੀ ਹਨ। ਸ਼ਬਦ ਕੀਰਤਨ ਵਿਚ ਇਨ੍ਹਾਂ ਤੁਕਾਂ ਨੂੰ ਸੰਗਠਿਤ ਸਰੂਪ ਅਨੁਸਾਰ ਹੀ ਗਾਇਨ ਕੀਤਾ ਜਾਣਾ ਹੈ। ਗਾਇਨ ਸਮੇਂ 'ਸਥਾਈ' ਜਾਂ 'ਅੰਤਰੇ' ਵਿਚ ਇਨ੍ਹਾਂ ਤੁਕਾਂ ਨੂੰ ਅਧੂਰੇ ਰੂਪ ਵਿਚ ਗਾਉਣ ਨਾਲ ਬਾਣੀ ਦੇ ਸਹੀ ਭਾਵ ਤੋਂ ਅਸੀਂ ਬਹੁਤ ਦੂਰ ਹੋ ਜਾਂਦੇ ਹਾਂ ਤੇ ਅਰਥ ਦਾ ਅਨਰਥ ਵੀ ਕਰ ਸਕਦੇ ਹਨ। ਕਿਸੇ ਕੀਰਤਨੀਏ ਲਈ ਤੁਕਾਂ ਦੇ ਬਣਤਰ ਦੀ ਸਹੀ ਪਛਾਣ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਪਦੇ ਜੋ ਸ਼ਬਦ ਰਚਨਾਵਾਂ ਨਾਲ ਅੰਕਤ ਅੰਕਾਂ ਤੋਂ ਪ੍ਰਤੱਖ ਹੁੰਦੇ ਹਨ, ਆਪਣੇ ਸਰੂਪ ਗ੍ਰਹਿਣ ਕਰਦੇ ਹਨ।

ਗੁਰਮਤਿ ਸੰਗੀਤ ਦੀ ਪਦ ਕੀਰਤਨ ਸ਼ੈਲੀ ਪ੍ਰਤਖ ਤੇ ਨਿਵੇਕਲੀ ਹੈ। ਬਾਣੀ ਦੀਆਂ ਪਦ ਰਚਨਨਾਵਾਂ ਰਾਗ, ਗਾਇਨ ਸ਼ੈਲੀ, ਰਹਾਉ, ਅੰਕ ਆਦਿ ਸੰਗੀਤਕ ਸੰਕੇਤਾਂ ਵਿਚ ਨਿਬੱਧ ਹੁੰਦੀ ਹੈ।

ਸ਼ਬਦ ਕੀਰਤਨ ਸ਼ੈਲੀ 'ਚ ਵਿਕਸਤ ਹੋਈ ਭਾਰਤੀ ਸ਼ਾਸਤਰੀ ਸੰਗੀਤ ਦੀ ਪ੍ਰਸਿਧ ਗਾਇਨ ਸ਼ੈਲੀ ਧਰੁਪਦ ਉਹ 'ਪਦ' ਰਚਨਾ ਹੈ ਜਿਸ ਵਿਚ ਇਕ ਪਦ 'ਧਰੁਵ' ਭਾਵ ਧੁਰੇ ਵਾਂਗੂ ਸਥਿਰ ਹੋਇਆ ਕਰਦਾ ਹੈ ਅਤੇ ਸੰਪੂਰਣ ਪਦ ਰਚਨਾ ਕਾਵਿਕ ਤੇ ਸੰਗੀਤਕ ਤੌਰ 'ਤੇ ਇਸ ਧੁਰੇ ਜਾਂ ਧਰੁਵ ਦੇ ਦੁਆਲੇ ਹੀ ਸਰੂਪਤ ਹੋ ਵਿਸਥਾਰ ਗ੍ਰਹਿਣ ਕਰਦੀ ਹੈ।

'ਧਰੁਵ' ਦਾ ਅਰਥ 'ਅਚਲ' ਜਾਂ 'ਚਿਰ ਸਥਾਈ' ਹੈ। ਇਨ੍ਹਾਂ ਅਰਥਾਂ ਅਨੁਸਾਰ ਈਸ਼ਵਰ ਹੀ ਧਰੁਵ ਹੈ ਅਤੇ ਉਸਦਾ ਗੁਣ ਕੀਰਤਨ ਸੂਚਕ ਪਦ ਨੂੰ ਭਾਰਤੀ ਪਰੰਪਰਾ ਵਿਚ 'ਧਰੁਪਦ' ਕਿਹਾ ਜਾਂਦਾ ਹੈ। ਈਸ਼ਵਰ ਦੀ ਗੁਣ ਗਾਥਾ ਵਿਚ ਧਰੁਪਦ ਦਾ ਵਿਵਹਾਰ ਪ੍ਰਾਚੀਨ ਕਾਲ ਤੋਂ ਹੀ ਹੈ। ਮੱਧਕਾਲੀਨ ਭਾਰਤੀ ਸੰਗੀਤ ਦੇ ਸੰਗੀਤਾਚਾਰੀਆ ਸੁਆਮੀ ਹਰਿਦਾਸ ਅਤੇ ਉਨ੍ਹਾਂ ਦੇ ਸ਼ਿਸ਼ ਤਾਨਸੇਨ, ਬੈਜੂ ਬਾਵਰਾ, ਰਾਮਦਾਸ ਆਦਿ ਨੇ ਧਰੁਪਦ ਸ਼ੈਲੀ ਵਿਚ ਕਈ ਰਚਨਾਵਾਂ ਕੀਤੀਆਂ ਅਤੇ ਇਨ੍ਹਾਂ ਨੇ ਆਪੋ ਆਪਣੇ ਗਾਇਨ ਦੁਆਰਾ ਇਸਦਾ ਖੂਬ ਪ੍ਰਚਾਰ ਕੀਤਾ। ਸੰਤ ਕਵੀਆਂ ਵਿਚੋਂ ਭਗਤ ਕਬੀਰ, ਸੂਰਦਾਸ ਆਦਿ ਦੁਆਰਾ ਰਚਿਤ ਪਦੇ ਵੀ ਧਰੁਪਦ ਗਾਇਨ ਸ਼ੈਲੀ ਦੇ ਉੱਤਮ ਨਮੂਨੇ ਹਨ। ਸਮੂਹ ਗੁਰੂ ਸਾਹਿਬਾਨ ਅਤੇ ਸੰਤਾਂ ਭਗਤਾਂ ਨੇ ਪਦ ਗਾਇਨ ਸ਼ੈਲੀ ਦਾ ਪ੍ਰਯੋਗ ਬਾਣੀ ਦੇ ਗਾਇਨ ਲਈ ਕੀਤਾ, ਇਨ੍ਹਾਂ ਪਦਿਆਂ ਨੂੰ ਸ਼ਬਦ ਕੀਰਤਨ ਦੇ ਵਿਵਹਾਰਕ ਰੂਪ ਵਿਚ 'ਸ਼ਬਦ

ਗਾਇਨ' ਦਾ ਨਾਮ ਵੀ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਦ ਸ਼ੈਲੀ ਦਾ ਗਾਇਨ ਭਾਰਤੀ ਸੰਗੀਤ ਤੋਂ ਭਿੰਨ ਹੈ। ਇਹ ਗੁਰਮਤਿ ਸੰਗੀਤ ਪ੍ਰਬੰਧ ਅੰਤਰਗਤ ਸੰਗੀਤਕ ਨਿਯਮ (ਰਾਗ, ਰਹਾਉ, ਅੰਕੁ ਆਦਿ) ਦੇ ਧਾਰਣੀ ਹਨ ਜੋ ਇਸ ਰਚਨਾ ਦੇ ਗਾਇਨ ਲਈ ਵਿਵਹਾਰਕ ਰੂਪ ਵਿਚ ਸਹਾਈ ਹੁੰਦੇ ਹਨ। ਪਦੇ ਅਧੀਨ ਰਹਾਉ ਦੀ ਤੁਕ ਜਿਸ ਵਿਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ, ਨੂੰ ਧਰੁਪਦ ਸ਼ੈਲੀ ਵਿਚ 'ਧਰੁਵ' ਦਾ ਨਾਮ ਦਿੱਤਾ ਗਿਆ ਹੈ। ਇਸਨੂੰ ਸ਼ਬਦ ਵਿਚ ਸਥਾਈ ਕੇਂਦਰੀ ਰੂਪ ਮੰਨ ਕੇ ਬਾਰ-ਬਾਰ ਗਾਉਣ ਦੀ ਪਰੰਪਰਾ ਹੈ। ਸ਼ਬਦ ਦੀਆਂ ਤੁਕਾਂ ਦੇ ਅੰਤ ਤੇ ੧,੨,੩ ਦੇ ਰੂਪ ਵਿਚ ਅੰਕ ਦਰਜ ਹਨ ਜੋ ਅੰਤਰਿਆਂ ਦੀ ਸੀਮਾ ਦਰਸਾਉਂਦੇ ਹਨ ਤਾਂ ਜੋ ਬਾਣੀ ਪ੍ਰਬੰਧ ਅਨੁਸਾਰ ਸਥਾਈ ਜਾਂ ਰਹਾਉ ਦੀ ਤੁਕ ਦਾ ਬਾਰ-ਬਾਰ ਗਾਇਨ ਹੋ ਸਕੇ। ਇਸੇ ਤਰ੍ਹਾਂ ਅੰਕ ਸ਼ਬਦ ਰਚਨਾ ਦੇ ਅੰਤਰਾ, ਸੰਚਾਰੀ, ਆਭੋਗ ਵਰਗੇ ਵਿਭਿੰਨ ਧਰੁਪਦ ਨਿਯਮਾਂ ਅਨੁਸਾਰ ਕਾਰਜਸ਼ੀਲ ਕਹਿੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਦੀ ਪ੍ਰਧਾਨਤਾ ਹੈ ਅਤੇ ਬਾਣੀ ਦੇ ਨਿਵੇਕਲੇ ਸੰਗੀਤ ਪ੍ਰਬੰਧ ਕਰਕੇ ਧਰੁਪਦ ਗਾਇਨ ਦੇ ਇਨ੍ਹਾਂ ਸ਼ਾਸਤਰੀ ਨਿਯਮਾਂ ਤੋਂ ਖੁਲ੍ਹ ਵੀ ਲੈ ਲਈ ਜਾਂਦੀ ਹੈ ਉਦਾਹਰਣ ਦੇ ਤੌਰ 'ਤੇ ਦੁਪਦੇ, ਤਿਪਦੇ ਆਦਿ ਵਿਚ ਧਰੁਪਦ ਦੇ ਸਾਰੇ ਅੰਗ ਨਹੀਂ ਹਨ ਪਰ ਇਨਾਂ ਦਾ ਗਾਇਨ ਧਰੁਪਦ ਦੇ ਅੰਗ ਤੋਂ ਹੀ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਧ ਪਦ ਗਾਇਨ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਤੋਂ ਪਦ ਸ਼ੈਲੀ ਨੂੰ ਗੁਰਮਤਿ ਸੰਗਤਿ ਦੀ ਪ੍ਰਧਾਨ ਸ਼ੈਲੀ ਵੀ ਕਿਹਾ ਜਾ ਸਕਦਾ ਹੈ। ਗੁਰਬਾਣੀ ਦੀਆਂ ਵਿਭਿੰਨ ਪਦ ਰਚਨਾਵਾਂ ਨੂੰ ਧਰੁਪਦ ਅੰਗ ਤੋਂ ਗਾਏ ਜਾਣ ਦੀ ਪਰੰਪਰਾ ਬਾਣੀ ਪ੍ਰਬੰਧ ਦੀ ਵਿਸ਼ਿਸ਼ਟਤਾ ਹੈ।

ਸਮਕਾਲੀ ਕੀਰਤਨ ਵਿਚ ਪਦ ਸ਼ੈਲੀ ਦੀ ਸੰਭਾਲ ਧਰੁਪਦ ਅੰਗ ਤੋਂ ਹੀ ਕੀਤੀ ਜਾਣੀ ਚਾਹੀਦੀ ਹੈ। ਪੁਸਤਕ ਟਕਸਾਲੀ ਕੀਰਤਨੀਆਂ ਕੋਲੋਂ ਇਨ੍ਹਾਂ ਪਦ ਰਚਨਾਵਾਂ ਦਾ ਇਕ ਵਿਸ਼ਾਲ ਸੰਗ੍ਰਹਿ ਮੌਜੂਦ ਰਿਹਾ ਜੋ ਕੀਰਤਨੀਆਂ ਦੀ ਧਰੋਹਰ ਹੈ। ਵਿਵਹਾਰਕ ਰੂਪ ਵਿਚ ਇਨ੍ਹਾਂ ਦੇ ਗਾਇਨ ਦੁਆਰਾ ਹੀ ਅਸੀਂ ਇਸ ਸ਼ੈਲੀ ਨੂੰ ਪੁਨਰ ਸੁਰਜੀਤ ਕਰਦਿਆਂ ਸੁਰੱਖਿਅਤ ਰਖ ਸਕਦੇ ਹਾਂ।

Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਗੁਰਮਤਿ ਸੰਗੀਤ ਵਿਚ ਅਸ਼ਟਪਦੀ

**ਡਾ. ਗੁਰਨਾਮ ਸਿੰਘ**

ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਸਤਰੀ ਗਾਇਨ ਅੰਗ ਅਤੇ ਲੋਕ ਗਾਇਨ ਅੰਗ ਦੀਆਂ ਸ਼ੈਲੀਆਂ ਦਾ ਪ੍ਰਯੋਗ ਵੱਖ ਵੱਖ ਬਾਣੀ ਰੂਪਾਂ ਵਜੋਂ ਕੀਤਾ ਗਿਆ ਹੈ। ਬਾਣੀ ਦੇ ਸਿਰਲੇਖਾਂ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਬਾਣੀਕਾਰ ਦੀ ਇਸ ਰਚਨਾ ਨੂੰ ਕਿਸ ਰਾਗ ਤੇ ਕਿਸ ਗਾਇਨ ਸ਼ੈਲੀ ਵਿਚ ਸ਼ਬਦ ਕੀਰਤਨ ਕਰਨਾ ਹੈ। ਇਨ੍ਹਾਂ ਵਿਚੋਂ ਅਸ਼ਟਪਦੀ ਇਕ ਮਹੱਤਵਪੂਰਣ ਤੇ ਵਿਸ਼ੇਸ਼ ਰੂਪ ਵਿਚ ਗਾਇਨ ਕੀਤੀ ਜਾਣ ਵਾਲੀ ਸ਼ੈਲੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਸ਼ੈਲੀ ਵਿਚ ਗੁਰੂ ਨਾਨਕ ਦੇਵ ਜੀ ਨੇ ਰਾਗ ਸਿਰੀ, ਗਉੜੀ, ਆਸਾ, ਗੂਜਰੀ, ਸੋਰਠਿ, ਸੂਹੀ, ਬਿਲਾਵਲ, ਭੈਰਉ, ਸਾਰੰਗ, ਮਲਾਰ ਅਤੇ ਪ੍ਰਭਾਤੀ, ਗੁਰੂ ਅਮਰਦਾਸ ਜੀ ਨੇ ਰਾਗ ਸਿਰੀ, ਗਉੜੀ, ਆਸਾ, ਗੂਜਰੀ, ਵਡਹੰਸ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਸਾਰੰਗ, ਮਲਾਰ ਅਤੇ ਪ੍ਰਭਾਤੀ, ਗੁਰੂ ਰਾਮਦਾਸ ਜੀ ਨੇ ਰਾਗ ਗੂਜਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਕਾਨੜਾ ਤੇ ਕਲਿਆਣ ਅਤੇ ਗੁਰੂ ਅਰਜਨ ਦੇਵ ਜੀ ਨੇ ਰਾਗ ਸਿਰੀ, ਗਉੜੀ, ਆਸਾ, ਗੂਜਰੀ, ਸੋਰਠਿ, ਭੈਰਉ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਭੈਰਉ, ਬਸੰਤ, ਸਾਰੰਗ ਅਤੇ ਪ੍ਰਭਾਤੀ ਅਧੀਨ ਇਸ ਸ਼ੈਲੀ ਦਾ ਭਰਪੂਰ ਪ੍ਰਯੋਗ ਕੀਤਾ ਹੈ।

ਦਰਸ਼ਨ ਅਤੇ ਧਰਮ ਦੇ ਵਿਭਿੰਨ ਸਿਧਾਂਤ ਦੀ ਪੇਸ਼ਕਾਰੀ ਅਸ਼ਟਪਦੀ ਰਚਨਾ ਦੀ ਵਿਸ਼ਿਸ਼ਟਤਾ ਹੈ। ਅੱਠਾਂ ਪਦਾਂ ਦੀ ਇਸ ਰਚਨਾ ਦੇ ਕਾਵਿ ਰੂਪ ਦਾ ਕੋਈ ਵਿਸ਼ੇਸ਼ ਤੋਲ ਤੁਕਾਂਤ ਨਿਰਧਾਰਤ ਨਹੀਂ ਪਰੰਤੂ ਇਸ ਵਿਚ ਅੱਠ ਪਦੇ ਇਕ ਪ੍ਰਬੰਧ ਵਿਚ ਹੀ ਲਿਖੇ ਜਾਂਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਇਹ ਛੰਦ ਦੀ ਖਾਸ ਜਾਤਿ ਨਹੀਂ ਹੈ। ਜਿਸ ਪ੍ਰਬੰਧ ਵਿਚ ਅੱਠ ਛੰਦ (ਪਦ) ਇੱਕਠੇ ਹੋਣ ਉਸਦੀ 'ਅਸ਼ਟਪਦੀ' ਸੰਗਿਆ ਹੈ।" ਬਾਣੀ ਵਿਚ ਪ੍ਰਯੁਕਤ ਅਸ਼ਟਪਦੀਆਂ ਵਿਚ ਵੱਖ ਵੱਖ ਤੋਲ ਤੁਕਾਂਤ ਵਾਲੇ ਉਦਾਹਰਣ ਮਿਲਦੇ ਹਨ। ਫਿਰ ਵੀ ਇਕੋ ਤੋਲ ਤੁਕਾਂਤ ਵਾਲੇ ਅੱਠ ਛੰਦਾਂ ਦੀ ਕਾਵਿ ਇਕਾਈ ਅਸ਼ਟਪਦੀ ਹੈ ਪਰੰਤੂ ਬਾਣੀ ਵਿਚ ਇਹਨਾਂ ਵਿਚ ਅਸ਼ਟਪਦੀ ਅਧੀਨ ਪਦਿਆਂ ਦੀ ਗਿਣਤੀ ਅੱਠ ਤੋਂ ਵੱਧ ਨੌਂ, ਦਸ, ਗਿਆਰਾਂ ਜਾਂ ਅੱਠ ਤੋਂ ਘਟਾ ਕੇ ਸੱਤ ਵੀ ਮਿਲਦੀ ਹੈ। ਅਸ਼ਟਪਦੀ ਵਿਚ ਇਨ੍ਹਾਂ ਪਦਿਆਂ ਤੋਂ ਇਲਾਵਾ ਇਨ੍ਹਾਂ ਦੀਆਂ ਤੁਕਾਂ ਵਿਚ ਵੀ ਭਿੰਨਤਾ ਪਾਈ ਜਾਂਦੀ ਹੈ। ਪਦੇ ਵਿਚ ਚਾਰ ਤੁਕਾਂ ਤੋਂ ਬਿਨਾਂ ਤਿੰਨ, ਦੋ ਜਾਂ ਇਕ ਤੁਕ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਮਾਤ੍ਰਿਕ ਪੱਖ ਤੋਂ ਵੀ ਅਸ਼ਟਪਦੀਆਂ ਵਿਲੱਖਣਤਾ ਦੀਆਂ ਧਾਰਣੀ ਹਨ। ਅਸ਼ਟਪਦੀ ਵਿਚ ਤੁਕਾਂ ਅਤੇ ਮਾਤ੍ਰਾਵਾਂ ਦੀ ਇੰਨੀ ਅਧਿਕ ਭਿੰਨਤਾ ਕਰਕੇ ਹੀ ਕਈ ਅਸ਼ਟਪਦੀਆਂ ਦਾ ਤੋਲ ਬਾਕੀ ਕਾਵਿ ਰੂਪਾਂ ਨਾਲ ਜਾ ਮਿਲਦਾ ਹੈ ਜਿਵੇਂ ਰਾਗ ਸੂਹੀ ਵਿਚ ਦੂਜੀ ਅਸ਼ਟਪਦੀ ਦੀਆਂ ਤੁਕਾਂ ਦੋਹੜੇ ਦਾ ਰੂਪ ਧਾਰਣ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਅੰਤਲੀਆਂ ਤਿੰਨ ਤੁਕਾਂ ਅੜਿਲ ਦੇ ਰੂਪ ਨਾਲ ਮਿਲਦੀਆਂ ਹਨ। ਰਾਗ ਰਾਮਕਲੀ ਵਿਚ ਅੱਠਵੀਂ ਅਤੇ ਨੌਵੀਂ ਅਸ਼ਟਪਦੀ ਇਕ ਇਕ ਤੁਕ ਵਿਚ ਸੰਕਲਿਤ ਹੈ ਪਰ ਤੋਲ ਦਵਈਏ ਨਾਲ ਮਿਲਦਾ ਹੈ।

ਭਾਰਤੀ ਸੰਗੀਤ ਦੇ ਇਤਿਹਾਸਕ ਅਧਿਐਨ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਤੋਂ ਪੂਰਵ ਅਸ਼ਟਪਦੀ ਪ੍ਰਬੰਧ ਸ਼ੈਲੀ ਦੇ ਰੂਪ ਵਿਚ ਪ੍ਰਚਾਰਿਤ ਸੀ। ਪ੍ਰਬੰਧ ਇਕ ਵਿਸ਼ੇਸ਼ ਰੂਪ ਵਿਚ ਨਿਯਮਬੱਧ ਬੰਨਿਆਂ ਹੋਇਆ। ਇਸਦੇ ਚਾਰ ਭਾਗ ਉਦਗ੍ਰਾਹ, ਮੇਲਾਪਕ ਧਰੁਪ, ਅਤੇ ਆਭੋਗ ਹਨ। ਉਦਗ੍ਰਾਹ ਕਿਸੇ ਗੀਤ ਦਾ ਆਰੰਭਕ ਜਾਂ ਮੁੱਢਲਾ ਹਿੱਸਾ ਹੈ ਜਦੋਂ ਕਿ ਮੇਲਾਪਕ ਪ੍ਰਬੰਧ ਗਾਇਨ ਦਾ ਦੂਸਰਾ ਭਾਗ ਹੈ ਜੋ ਉਦਗ੍ਰਾਹ ਅਤੇ ਧਰੁਵ ਨੂੰ ਆਪਸ ਵਿਚ ਮਿਲਾਣ ਦਾ ਸਾਧਕ ਬਣਦਾ ਹੈ। ਧਰੁਵ ਪ੍ਰਬੰਧ ਦਾ ਤੀਸਰਾ ਅਤੇ ਮਹੱਤਵਪੂਰਨ ਭਾਗ ਹੈ। ਇਸ ਨੇ ਸਥਾਈ ਜਾਂ ਟੇਕ ਵਜੋਂ ਪ੍ਰਬੰਧ ਗਾਇਨ ਵਿਚ ਧੁਰੇ ਵਾਂਗੂੰ ਕਾਰਜ ਕਰਨਾ ਹੁੰਦਾ ਹੈ। ਗਾਇਨ ਦੇ ਪੱਖ

ਤੋਂ ਇਸ ਦਾ ਬਾਰ-ਬਾਰ ਗਾਇਨ ਕੀਤਾ ਜਾਂਦਾ ਹੈ। ਆਭੋਗ ਪ੍ਰਬੰਧ ਦਾ ਅੰਤਿਮ ਤੇ ਚੌਥਾ ਹਿੱਸਾ, ਸਵੀਕਾਰਿਆ ਗਿਆ ਹੈ ਜੋ ਪ੍ਰਬੰਧ ਗਾਇਨ ਨੂੰ ਸੰਪੂਰਨਤਾ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ ਪ੍ਰਬੰਧ ਗਾਇਨ ਵਿਚ 'ਅੰਤਰਾ' ਨਾਮਕ ਪੰਜਵਾਂ ਭਾਗ ਵੀ ਮੰਨਿਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪ੍ਰਸਿਧ ਭਗਤ ਜੈਦੇਵ ਦੀ ਰਾਗ ਮਾਰੂ ਵਿਚ ਪੰਨਾ ੧੧੦੬ ਉਤੇ ਇੱਕ ਸ਼ਬਦ ਰਚਨਾ ਅਤੇ ਪੰਨਾ ੫੨੬ ਉਤੇ ਰਾਗ ਗੂਜਰੀ ਵਿਚ ਇਕ ਸ਼ਬਦ ਦਰਜ ਹੈ। 12ਵੀਂ ਸਦੀ ਵਿਚ ਰਚੀ ਗਈ ਜੈਦੇਵ ਦੀ ਪ੍ਰਸਿੱਧ ਰਚਨਾ ਗੀਤ ਗੋਬਿੰਦ ਪ੍ਰਬੰਧ ਕਾਵਿ ਤੇ ਸੰਗੀਤ ਦਾ ਉਤਕ੍ਰਿਸ਼ਟ ਨਮੂਨਾ ਮੰਨਿਆ ਗਿਆ ਹੈ। ਪ੍ਰਬੰਧ ਗਾਇਨ ਦੇ ਸੰਦਰਭ ਵਿਚ ਵੇਖੀਏ ਤਾਂ 'ਗੀਤ ਗੋਵਿੰਦ' ਦੀਆਂ ਰਚਨਾਵਾਂ ਅਸ਼ਟਪਦੀਆਂ ਵਿਚ ਪ੍ਰਬੰਧ ਦੇ ਉਦਗ੍ਰਾਹ, ਧਰੁਵ ਧਾਤੂ ਤਾਂ ਮਿਲਦੇ ਹਨ ਪਰ ਮੇਲਾਪਕ ਨਹੀਂ। ਗੁਰਬਾਣੀ ਅਧੀਨ ਅਸ਼ਟਪਦੀਆਂ ਵਿਚ ਵੀ ਪ੍ਰਬੰਧ ਦੇ ਉਦਗ੍ਰਾਹ, ਧਰੁਵ, ਅੰਤਰੇ ਤੋਂ ਬਿਨਾਂ ਮੇਲਾਪਕ ਆਦਿ ਧਾਤੂਆਂ ਦਾ ਪ੍ਰਯੋਗ ਨਹੀਂ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅਸ਼ਟਪਦੀਆਂ ਗੁਰਮਤਿ ਸੰਗੀਤ ਪ੍ਰਬੰਧ ਦੇ ਅੰਤਰਗਤ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਇਕ ਅਸ਼ਟਪਦੀ ਦਾ ਸੰਗੀਤਕ ਵਿਸ਼ਲੇਸ਼ਣ ਨਿਮਨਲਿਖਤ ਅਨੁਸਾਰ ਹੈ :

ਪ੍ਰਬੰਧ ਦੇ ਦੋ ਧਾਤੂ ਉਦਗ੍ਰਾਹ ਅਤੇ ਧਰੁਵ ਤੋਂ ਬਿਨਾਂ ਅਸ਼ਟਪਦੀਆਂ ਦੀਆ ਬਾਕੀ ਤੁਕਾਂ ਦਾ ਅੰਤਰੇ ਦੇ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ। ਗੁਰੂ ਸਾਹਿਬਾਨ ਦੁਆਰਾ ਰਚਿਤ ਅਸ਼ਟਪਦੀਆਂ ਪ੍ਰਬੰਧ ਗਾਇਨ ਦਾ ਉੱਤਮ ਨਮੂਨਾ ਹਨ। ਗੁਰਮਤਿ ਸੰਗੀਤ ਵਿਚ ਅਸ਼ਟਪਦੀ ਰਚਨਾਵਾਂ ਗਾਇਨ ਦੇ ਅੰਤਰਗਤ ਰਾਗ, ਰਹਾਉ, ਅੰਕ, ਆਦਿ ਅਧੀਨ ਨਿਬੱਧ ਹੋ ਕੇ ਵਿਸ਼ੇਸ਼ ਸੰਗੀਤਕ ਨਿਯਮ ਤੇ ਗਾਇਨ ਅੰਗ ਦੀਆਂ ਲਖਾਇਕ ਹਨ ਜੋ ਇਸ ਰਚਨਾ ਦੇ ਸਮਕਾਲੀ ਪ੍ਰਭਾਵਾਂ ਕਾਰਣ ਵਰਤਮਾਨ ਕੀਰਤਨ ਦੇ ਪੁਰਾਤਨ ਪ੍ਰਬੰਧ ਤੇ ਧਰੁਪਦ ਸ਼ੈਲੀ ਤੋਂ ਦੂਰ ਖ਼ਿਆਲ ਤੇ ਗੀਤ ਸ਼ੈਲੀ ਦੇ ਨਿਕਟ ਹੋ ਚੁੱਕੇ ਹਨ। ਫਿਰ ਵੀ ਆਪਣੀ ਵਿਰਾਸਤ ਦੀ ਸੰਭਾਲ ਲਈ ਗੁਰਮਤਿ ਸੰਗੀਤ ਦੀਆਂ ਮੂਲ ਵਿਰਾਸਤੀ ਗਾਇਨ ਸ਼ੈਲੀਆਂ ਦੀ ਸੁਰੱਖਿਆ, ਸੰਭਾਲ ਤੇ ਪੁਨਰ ਪ੍ਰਚਲਨ ਜ਼ਰੂਰੀ ਹੈ। ਗੁਰਮਤਿ ਸੰਗੀਤ ਦੇ ਪਰਚਾਰ ਪਾਸਾਰ ਲਈ ਸਾਨੂੰ ਸਾਰਿਆਂ ਨੂੰ ਇਨ੍ਹਾਂ ਵਿਰਾਸਤੀ ਕੀਰਤਨ ਸ਼ੈਲੀਆਂ ਦਾ ਸ਼ੁੱਧ ਤੇ ਮੌਲਿਕ ਸਰੂਪ ਸਬੰਧੀ ਸੁਚੇਤ ਹੋਣ ਦੀ ਲੋੜ ਹੈ।

**ਬਾਨੀ ਪ੍ਰੋਫੈਸਰ ਤੇ ਮੁਖੀ,**
**ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**ਜ਼ਰੂਰੀ ਬੇਨਤੀ**
ਮੈਗਜ਼ੀਨ ਮਿਲਣ ਤੇ ਸੂਚਨਾ ਜ਼ਰੂਰ ਦਿਓ ਜੀ ।
ਸੰਪਾਦਕ ਮੋਬਾਇਲ 98556-40630

# ਮਹਾਨ ਸੰਗੀਤਕਾਰ, ਸ਼ਾਸਤਰਕਾਰ, ਸੰਗ੍ਰਹਿਕਰਤਾ, ਸੰਗੀਤ ਸੁਧਾਰਕ ਅਤੇ ਪ੍ਰਚਾਰਕ

# ਪੰਡਿਤ ਵਿਸ਼ਣੂ ਨਾਰਾਇਣ ਭਾਤਖੰਡੇ

**ਡਾ. ਰਣਜੀਤ ਸਿੰਘ**

20ਵੀਂ ਸਦੀ ਦੇ ਮਹਾਨ ਸ਼ਾਸਤਰਕਾਰ ਅਤੇ ਸੰਗੀਤਕਾਰ ਪੰਡਿਤ ਵਿਸ਼ਣੂ ਨਾਰਾਇਣ ਭਾਤਖੰਡੇ ਦਾ ਜਨਮ 10 ਅਗਸਤ, 1860 ਈ. ਨੂੰ ਜਨਮ ਅਸ਼ਟਮੀ ਵਾਲੇ ਦਿਨ ਬੰਬਈ ਦੇ ਬਾਲਕੇਸ਼ਵਰ ਨਾਮਕ ਸਥਾਨ ਤੇ ਹੋਇਆ। ਸੰਗੀਤ ਸਿਖਣ ਦੀ ਪ੍ਰੇਰਨਾ ਇਨ੍ਹਾਂ ਨੂੰ ਆਪਣੇ ਪਿਤਾ ਸ੍ਰੀ ਨਾਰਾਇਣਰਾਵ ਭਾਤਖੰਡੇ, ਜੋ ਖੁਦ ਸੰਗੀਤ ਪ੍ਰੇਮੀ ਸਨ, ਤੋਂ ਮਿਲੀ। ਉਹ ਆਪਣੀ ਮਾਤਾ ਦੇ ਮੂੰਹ ਤੋਂ ਜਿਹੜਾ ਵੀ ਗੀਤ ਸੁਣਦੇ, ਹੂ-ਬ-ਹੂ ਉਸ ਦਾ ਗਾਇਨ ਕਰ ਦਿੰਦੇ ਸਨ। ਸ਼ਾਸਤਰੀ ਸੰਗੀਤ ਦੀ ਵਿਧੀਬੱਧ ਸਿਖਿਆ ਲਈ ਉਨ੍ਹਾਂ ਸੇਠ ਵੱਲਭ ਦਾਸ ਕੋਲੋਂ ਸਿਤਾਰ ਦੀ ਸਿਖਿਆ ਅਤੇ ਸ੍ਰੀ ਰਾਵਜੀ ਬੁਆ ਬੇਲਬਾਧਕਰ, ਜੈਪੁਰ ਦੇ ਮੁਹੰਮਦ ਅਲੀ ਖ਼ਾਂ, ਗਵਾਲੀਅਰ ਦੇ ਪੰਡਿਤ ਏਕਨਾਥ ਅਤੇ ਰਾਮਪੁਰ ਦੇ ਕਬਲੇ ਅਲੀ ਖ਼ਾਂ ਕੋਲੋਂ ਗਾਇਨ ਦੀ ਸਿਖਿਆ ਹਾਸਿਲ ਕੀਤੀ। ਸੰਨ 1883 ਵਿਚ ਬੀ.ਏ. ਅਤੇ 1890 ਈ.ਵਿਚ ਐਲ.ਐਲ.ਬੀ.ਕਰਨ ਉਪਰੰਤ ਉਹ ਕੁਝ ਸਮਾਂ ਕਰਾਚੀ ਵਿਚ ਵਕਾਲਤ ਵੀ ਕਰਦੇਰਹੇ। ਸਫਲਤਾ ਨਾ ਮਿਲਣ ਕਾਰਨ ਉਨ੍ਹਾਂ ਨੇ ਬੰਬਈ ਦੀਆਂ ਛੋਟੀਆਂ ਅਦਾਲਤਾਂ ਵਿਚ ਵਕਾਲਤ ਸ਼ੁਰੂ ਕਰ ਲਈ। ਸੰਗੀਤ ਵਿਚ ਵਿਸ਼ੇਸ਼ ਰੁਚੀ ਹੋਣ ਕਾਰਨ ਉਨ੍ਹਾਂ ਨੇ ਵਕਾਲਤ ਛੱਡਕੇ ਆਪਣਾ ਸਾਰਾ ਜੀਵਨ ਸੰਗੀਤ ਦੇ ਲੇਖੇ ਲਗਾ ਦਿਤਾ।

ਸ਼ੁਰੂਆਤ ਵਿਚ ਪੰਡਿਤ ਜੀ ਨੇ ਸੰਗੀਤ ਦੇ ਗ੍ਰੰਥਾਂ ਦਾ ਅਧਿਐਨ ਕਰਨਾ ਆਰੰਭ ਕੀਤਾ। ਇਸੇ ਦੌਰਾਨ ਉਹ ਬੰਬਈ ਦੀ 'ਗਾਇਨ ਉਤੇਜਕ ਮੰਡਲੀ' ਵਿਚ ਸੰਗੀਤ ਸਿਖਿਆ ਦੇ ਨਾਲ-ਨਾਲ ਭਿੰਨ-ਭਿੰਨ ਵਿਸ਼ਿਆਂ ਤੇ ਵਿਆਖਿਆਨ ਵੀ ਦਿੰਦੇ ਰਹੇ। ਲੱਗਭਗ 20-25 ਸਾਲ ਇਨ੍ਹਾਂ ਨੇ ਸੰਗੀਤ ਦੇ ਪ੍ਰਮੁੱਖ ਗ੍ਰੰਥਾਂ ਦਾ ਅਧਿਐਨ ਕਰਨ ਦੇ ਨਾਲ-ਨਾਲ ਧਰੁਪਦ, ਧਮਾਰ ਅਤੇ ਖਿਆਲ ਗਾਇਨ ਵਿਚ ਮੁਹਾਰਤ ਹਾਸਿਲ ਕੀਤੀ। ਸੰਗੀਤਕ ਗ੍ਰੰਥਾਂ ਦਾ ਅਧਿਐਨ ਕਰਦਿਆਂ ਉਨ੍ਹਾਂ ਨੇ ਅਨੁਭਵ ਕੀਤਾ ਕਿ ਸੰਗੀਤ ਦਾ ਸਰਵਪੱਖੀ ਵਿਕਾਸ ਤਦਹੀ ਸੰਭਵ ਹੈ ਜੇਕਰ ਕ੍ਰਿਆਤਮਿਕ ਅਤੇ ਸ਼ਾਸਤਰ ਪੱਖ ਦੋਵਾਂ ਵਿਚ ਸਬੰਧ ਸਥਾਪਿਤ ਕੀਤਾ ਜਾਵੇ ਅਤੇ ਸਰਵਸੰਮਤੀ ਨਾਲ ਸੰਗੀਤ ਦੇ ਕੁਝ ਨਿਯਮ/ਸਿਧਾਂਤ ਨਿਸ਼ਚਿਤ ਕੀਤੇ ਜਾਣ। ਇਸ ਉਦੇਸ਼ ਦੀ ਪੂਰਤੀ ਲਈ ਪੰਡਿਤ ਜੀ ਨੇ ਹਿੰਦੀ, ਤੇਲਗੂ, ਗੁਜਰਾਤੀ, ਬੰਗਲਾ, ਸੰਸਕ੍ਰਿਤ ਅਤੇ ਅੰਗਰੇਜ਼ੀ ਭਾਸ਼ਾਵਾਂ ਦਾ ਗਹਿਰਾ ਅਧਿਐਨ ਕੀਤਾ।

ਪੰਡਿਤ ਜੀ ਨੇ ਸੰਗੀਤ ਵਿਚ ਸੁਧਾਰ ਦੇ ਮੰਤਵ ਨਾਲ ਪ੍ਰਾਚੀਨ ਗ੍ਰੰਥਾਂ ਦੀ ਖੋਜ ਅਤੇ ਬੰਦਸ਼ਾਂ/ਗੀਤਾਂ ਨੂੰ ਇਕੱਤਰ ਕਰਨ ਲਈ 1904 ਈ.ਵਿਚ ਦੱਖਣ ਭਾਰਤ ਦੇ ਮਦਰਾਸ, ਮਦੁਰਾ, ਤ੍ਰਿਚਨਾਪਲੀ, ਰਾਮੇਸ਼ਵਰ, ਕਰਨਾਟਕ, ਤੰਜੋਰ ਆਦਿ ਸਥਾਨਾਂ ਦੇ ਪੁਸਤਕਾਲਿਆਂ ਦਾ ਨਰੀਖਣ ਕੀਤਾ। ਸੰਗੀਤ ਵਿਦਵਾਨਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਚਰਚਾਵਾਂ ਵਿਚ ਭਾਗ ਲਿਆ। ਇਥੇ ਹੀ ਇਨ੍ਹਾਂ ਦੀ ਭੇਂਟ ਹੈਦਰਾਬਾਦ ਦੇ ਪ੍ਰਸਿਧ ਸੰਗੀਤ ਵਿਦਵਾਨ ਅੱਪਾ ਸ਼ਾਸਤਰੀ ਨਾਲ ਹੋਈ ਜਿਨ੍ਹਾਂ ਦੇ ਸਹਿਯੋਗ ਨਾਲ ਹਿੰਦੁਸਤਾਨ ਸੰਗੀਤ ਪੱਧਤੀ ਵਿਚ ਰਾਗ ਵਰਗੀਕਰਣ ਲਈ 72 ਮੇਲ/ਥਾਟਾਂ ਦੀ ਥਾਂ 10 ਥਾਟਾਂ ਨੂੰ ਚੁਣਿਆਂ। ਇਸ ਯਾਤਰਾ ਦੌਰਾਨ ਪੰਡਿਤ ਜੀ ਨੇ ਪ੍ਰਸਿਧ ਗਾਇਕਾਂ ਨੂੰ ਨੇੜੇ ਤੋਂ ਸੁਣਿਆਂ ਅਤੇ ਭਿੰਨ-ਭਿੰਨ ਰਾਗਾਂ ਵਿਚ ਬਹੁਤ ਸਾਰੇ ਬੰਦਸ਼ਾਂ/ਗੀਤ ਇਕੱਤਰ ਕੀਤੇ। 1906 ਈ.ਵਿਚ ਉਤਰੀ ਅਤੇ ਪੂਰਵੀ ਭਾਰਤ ਦੀ ਯਾਤਰਾ ਦੌਰਾਨ ਉਨ੍ਹਾਂ ਨੇ ਜੈਪੁਰ, ਮਨਰੰਗ ਅਤੇ ਰਾਮਪੁਰ ਦੇ ਘਰਾਣੇ ਦਾ ਰਗਾਇਕਾਂ ਤੋਂ ਬੜੀ ਮਿਹਨਤ ਨਾਲ ਧਰੁਪਦ, ਧਮਾਰ, ਖਿਆਲ, ਟੱਪਾ, ਠੁਮਰੀ, ਹੋਰੀ, ਸਾਦਰਾ ਅਤੇ ਚਤੁਰੰਗ ਆਦਿਗਾਇਨ ਸ਼ੈਲੀਆਂ ਦੀਆਂ ਸੈਂਕੜੇ ਬੰਦਸ਼ਾਂ ਹਾਸਿਲ ਕੀਤੀਆਂ। ਇਸ ਯਾਤਰਾ ਦੌਰਾਨ ਉਨ੍ਹਾਂ ਨੂੰ ਉਤਰ ਭਾਰਤੀ ਸੰਗੀਤ ਪੱਧਤੀ ਬਾਰੇ ਵਿਸ਼ੇਸ਼ ਗਿਆਨ ਪ੍ਰਾਪਤ ਹੋਇਆ। ਇਸ

ਸਮੇਂ ਉਤਰੀ ਭਾਰਤ ਵਿਚ ਪ੍ਰਾਚੀਨ ਰਾਗਰਾਗਨੀ ਪੱਧਤੀ ਪ੍ਰਚਲਿਤ ਸੀ ਅਤੇ ਸੰਗੀਤ ਪੂਰਨ ਰੂਪ ਵਿਚ ਅਵਿਵਸਥਿਤ ਹੋ ਚੁੱਕਾ ਸੀ। ਇਕਰਾਗ ਨੂੰ ਭਿੰਨ-ਭਿੰਨ ਘਰਾਣਿਆਂ ਦੇ ਲੋਕ ਵੱਖ-ਵੱਖ ਤਰੀਕੇ ਨਾਲ ਗਾਉਂਦੇ ਸਨ। ਇਸ ਮੌਕੇ ਪੰਡਿਤ ਜੀ ਨੇ ਥਾਟ-ਰਾਗ ਪ੍ਰਣਾਲੀ ਦਾ ਪ੍ਰਚਾਰ ਕੀਤਾ ਅਤੇ ਬੰਦਸ਼ਾਂ/ਗੀਤਾਂ ਨੂੰ ਲਿਪੀਬੱਧ ਕਰਨ ਲਈ ਉਨ੍ਹਾਂ ਨੇ 'ਭਾਤਖੰਡੇ ਸਵਰ ਲਿਪੀ ਪੱਧਤੀ' ਦਾ ਨਿਰਮਾਣ ਕੀਤਾ।

ਪੰਡਿਤ ਜੀ ਨੇ ਅਨੇਕ ਗ੍ਰੰਥ/ਪੁਸਤਕਾਂ ਦਾ ਲੇਖਨ ਕੀਤਾ ਜਿਨ੍ਹਾਂ ਵਿਚੋਂ 1909 ਈ.ਵਿਚ ਸੰਸਕ੍ਰਿਤ ਭਾਸ਼ਾ ਵਿਚ 'ਸ੍ਰੀ ਮੱਲਕਸ਼ਯ ਸੰਗੀਤਕ' 1910 ਈ.ਵਿਚ ਮਰਾਠੀ ਭਾਸ਼ਾ ਵਿਚ 'ਹਿੰਦੁਸਤਾਨੀ ਸੰਗੀਤ ਪੱਧਤੀ ਗ੍ਰੰਥ ਚਾਰ ਭਾਗਾਂ ਵਿਚ, 1921 ਈ.ਵਿਚ ਸੰਸਕ੍ਰਿਤ ਭਾਸ਼ਾ ਵਿਚ 'ਅਭਿਨਵ ਰਾਗ ਮੰਜਰੀ' ਗ੍ਰੰਥ, ਗੁਜਰਾਤੀ ਭਾਸ਼ਾ ਵਿਚ ਸਵਰ ਮਾਲਿਕਾ', ਅੰਗਰੇਜ਼ੀ ਭਾਸ਼ਾ ਵਿਚ 'ਏ ਸ਼ਾਰਟ ਹਿਸਟੌਰੀਕਲ ਸਰਵੇ ਆਫ਼ ਦ ਮਿਊਜ਼ਿਕ ਆਫ਼ ਅਪਰ ਇੰਡੀਆ' ਅਤੇ 'ਏ ਕਮਪੈਰੇਟਿਵ ਸਟੱਡੀ ਆਫ਼ ਸਮ ਆਫ਼ ਦੀ ਲੀਡਿੰਗ ਮਿਊਜ਼ਿਕ ਸਿਸਟਮਜ਼ ਆਫ਼ ਦੀ ਫਿਫਟੀਂਥ, ਸਿਕਸਟੀਂਥ, ਸੈਵਨਟੀਂਥਐਂਡ ਏਟੀਂਥ ਸੈਨਚੁਰੀਜ਼', 'ਲਕਸ਼ਯ ਸੰਗੀਤ' ਆਦਿ ਪ੍ਰਮੁੱਖ ਹਨ।ਪੰਡਿਤ ਜੀ ਦੇ 'ਹਿੰਦੁਸਤਾਨੀ ਸੰਗੀਤਪਦਤੀ-ਕ੍ਰਮਿਕ ਪੁਸਤਕ ਮਾਲਿਕਾ' ਗ੍ਰੰਥ ਵਿਚ 181 ਰਾਗਾਂ ਵਿਚ ਖਿਆਲ, ਧਰੁਪਦ, ਸਾਦਰਾ, ਲਕਸ਼ਣਗੀਤ, ਆਦਿ ਗੀਤਾਂ ਦੀਆਂ 1892 ਬੰਦਿਸ਼ਾਂ ਦਾ ਵਿਸ਼ਾਲ ਭੰਡਾਰ ਦਰਜ ਹੈ। ਪੰਡਿਤ ਜੀ ਨੇ ਅਨੇਕ ਖਿਆਲਾਂ ਦੀ ਰਚਨਾ 'ਹਰ ਰੰਗ' ਉਪਨਾਮ ਅਤੇ 250 ਦੇ ਕਰੀਬ ਲਕਸ਼ਣ ਗੀਤਾਂ ਦੀ ਰਚਨਾ 'ਚਤੁਰ' ਉਪਨਾਮ ਤੋਂ ਕੀਤੀ। ਉਨ੍ਹਾਂ ਨੇ ਸ਼ੁਧ ਥਾਟ ਬਿਲਾਵਲ ਮੰਨ ਕੇ 10 ਥਾਟਾਂ ਅਧੀਨ ਸਾਰੇ ਰਾਗਾਂ ਦਾ ਵਰਗੀਕਰਨ ਕੀਤਾ ਕਰਕੇ ਸੰਗੀਤ ਨੂੰ ਨਵਾਂ ਰੂਪ ਦਿਤਾ। ਸੰਗੀਤ ਦੇ ਪ੍ਰਚਾਰ-ਪ੍ਰਸਾਰ ਲਈ ਉਨ੍ਹਾਂ ਨੇ ਅਨੇਕ ਮਿਊਜ਼ਿਕ ਕਾਲਜ ਖੋਲੇ ਜਿਨ੍ਹਾਂ ਵਿਚੋਂ 'ਮੈਰਿਸ ਕਾਲਿਜ ਆਫ ਹਿੰਦੁਸਤਾਨੀ ਮਿਊਜ਼ਿਕ', 'ਮਾਧਵ ਸੰਗੀਤ ਵਿਦਿਆਲਿਆ ਗਵਾਲੀਅਰ' ਅਤੇ 'ਮਿਊਜ਼ਿਕ ਕਾਲਜ ਬੜੌਦਾ' ਦਾ ਨਾਮ ਜ਼ਿਕਰਯੋਗ ਹੈ। ਸੁਤੰਤਰਤਾ ਉਪਰੰਤ ਲਖਨਊ ਦਾ 'ਮੈਰਿਸ ਕਾਲਿਜ ਆਫ ਹਿੰਦੁਸਤਾਨੀ ਮਿਊਜ਼ਿਕ' ਨੂੰ 'ਭਾਤਖੰਡੇ ਸੰਗੀਤ ਵਿਦਿਆ ਪੀਠ' ਦੇ ਨਾਮ ਨਾਲ ਜਾਣਿਆਂ ਗਿਆ ਤੇ ਅੱਜ ਕਲ ਇਸ ਦਾ ਨਾਮ 'ਭਾਤਖੰਡੇ ਮਿਊਜ਼ਿਕ ਇੰਸਟੀਚਿਊਟ (ਯੂਨੀਵਰਸਿਟੀ)' ਹੈ।

ਪੰਡਿਤ ਜੀ ਨੇ ਸੰਗੀਤ ਦੇ ਪ੍ਰਚਾਰ-ਪ੍ਰਸਾਰ ਲਈ ਅਖਿਲ ਭਾਰਤੀਯ ਸੰਗੀਤ ਸੰਮੇਲਨ ਵੀ ਆਯੋਜਿਤ ਕੀਤੇ ਜਿਨ੍ਹਾਂ ਵਿਚੋਂ ਪਹਿਲਾ ਸੰਗੀਤ ਸੰਮੇਲਨ 1916 ਈ. ਨੂੰ ਬੜੌਦਾ ਵਿਚ, ਦੂਜਾ 1918 ਈ. ਨੂੰ ਦਿੱਲੀ ਵਿਚ, ਤੀਜਾ 1919 ਈ. ਨੂੰ ਬਨਾਰਸ ਵਿਚ, ਚੌਥਾ ਅਤੇ ਪੰਜਵਾ 1924 ਈ. ਅਤੇ 1925 ਈ.ਨੂੰ ਲਖਨਊ ਵਿਖੇ ਕਰਵਾਇਆ ਗਿਆ। ਇਨ੍ਹਾਂ ਸੰਗੀਤ ਸੰਮੇਲਨਾਂ ਵਿਚ ਉਸ ਸਮੇਂ ਦੇ ਮਹਾਨ ਸ਼ਾਸਤਰੀ ਗਾਇਕਾਂ ਨੇ ਭਾਗ ਲੈ ਲਿਆ। ਪੰਡਿਤ ਜੀ ਦੇ ਸ਼ਗਿਰਦਾਂ ਵਾੜੀ ਲਾਲ ਸ਼ਿਵਰਾਮ ਨਾਇਕ, ਐਸ. ਐਨ.ਰਾਤੰਜਨਕਰ, ਰਾਜਾ ਭਇਆ ਪੂਛ ਵਾਲੇ, ਸੀਤ ਰਾਮਪੰਤ ਮੋਦੀ, ਕੇ. ਜੀ.ਗਿੰਡੇ ਅਤੇ ਸਰਸਵਤੀ ਦੇਵੀ ਨੇ ਵੀ ਸੰਗੀਤ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾਇਆ।

ਮਹਾਨ ਸ਼ਾਸਤਰਕਾਰ, ਸੰਗੀਤਕਾਰ, ਸੰਗ੍ਰਹਿਕਰਤਾ, ਸੰਗੀਤ ਸੁਧਾਰਕ, ਪ੍ਰਚਾਰਕ ਵਜੋਂ ਜਾਣੇ ਜਾਂਦੇ ਪੰਡਿਤ ਵਿਸ਼ਣੂ ਨਾਰਾਇਣ ਭਾਤਖੰਡੇ ਨੇ 19 ਸਤੰਬਰ, 1936 ਈ.ਨੂੰ ਆਖਰੀ ਸਾਹਲਿਆ। ਭਾਤਖੰਡੇ ਜੀ ਨੇ ਆਪਣੇ ਜੀਵਨ ਕਾਲ ਵਿਚ ਸੰਗੀਤ ਦੇ ਖੇਤਰ ਵਿਚ ਜਿੰਨ੍ਹਾਂ ਕੰਮ ਕੀਤਾ, ਉਹ ਬੇਮਿਸਾਲ ਹੈ।

**ਪ੍ਰਿੰਸੀਪਲ, ਭਾਈ ਸੰਗਤ ਸਿੰਘ ਖਾਲਸਾ ਕਾਲਜ**
**ਬੰਗਾ, ਜਿਲਾ ਸ਼ਹੀਦ ਭਗਤ ਸਿੰਘ ਨਗਰ**

# Music: An Intrinsic Talent

**Narendra Kaur**

Talent indicates capacities for above the average in a special field of human activity. Talent is especially evident in the realm of music like prodigy. The art of music is a very distinctive virtue in man. Each and everyone cannot be capable of learning music even if one wants to. Music is a God gift. Though the perfection can only be achieved by practising but natural instinct and talent is must. Not only music but all the arts are learned by the grace of God only. Aptitude is natural ability or skill of a person to learn musical techniques. It should be remembered that music is an art, which contains within it a universal appeal and an inner urge for expansion.

The ability to recognize music is quite distinct from simple pitch discrimination. It requires a mechanism which can abstract the relational properties existing in tonal combinations. Some people have a surprising inability to do this. Studies show that a person having finest ability to discriminate pitch could not recognize a simple melody.

The capacity to respond and enjoy music appears to be innate. It is our brain which offers us pleasant sensations to concentrate on sounds and to improve our ability to hear and to vocalize.

A musical person must have a deep understanding of musical form and structure. In fact, it is the internal tendency of a musical person to have a deep knowledge of the aesthetic contents of music. Musicality is an innate trait, which has the following phases in itself:

a. Personality
b. Sweet Timbre
c. Keen desire
d. Grasping Power
e. Creativity

**a. Personality**

Personality consists of various aspects of one's character. Though, by good conduct and behaviour one can develop one's personality but only to some extent. A man has his limits. While a person possessing good personality easily fetches everyone's attention. Hence personality of a musician must be appealing.

**b. Sweet Timbre**

A vocalist must have sweet voice; otherwise he cannot be capable of producing all the required tonic effects of music.

**c. Keen Desire**

A music learner must have a keen desire to learn all the technicalities of music. Say, if a person is having natural ability and even talent but he is indolent and not having any desire to learn, he cannot be a good musician. A keen desire for something leads to success.

**d. Grasping Power**

A musician's grasping power must be surprisingly large as he has to understand the structure of an abstract art and to perform on the stage. A perfect musician should have perfect audibility also.

**e. Creativity**

A musician should be a creative person also. Without this trait a musician cannot perform successfully. Creativity is intrinsic. The environmental training inculcates the inner talent and therefore cannot give birth to talent. Creativity exists in the depths of an artiste's mind since birth.

Gazal maestro Ghulam Ali says "If you lack talent, nothing can replace it."

Music is bestowed upon mankind by nature for influencing the inner world (spiritual) and moral characters. It is an integral part of social and cultural life of the human beings since it is the strongest form of expression, feelings and is a powerful source of making all round development in the personality and intelligence of individuals.

Music is inherent in all of us. For a child, when pleasant sounds and strong movements are the stimuli, many senses are alerted. The ear becomes keenly attuned; the sense of touch is activated; and the pleasant sounds and strong movements are transferred to each muscle and nerve in the child's body. The result is a deep emotional experience.

**Lecturer in Music(Vocal)**
**RRMK Arya Mahila Mahavidyalaya**
**Pathankot, Punjab**

# ਰਾਗ ਸ਼ੁੱਧ ਕਲਿਆਣ

## ਸੁਰਲਿਪੀ ਸਰਦਾਰ ਗੁਰਬਖ਼ਸ਼ ਸਿੰਘ ਜੀ

Website: http://www.gurbaniraags.com

ਕਲਿਆਨ ਠਾਠ ਦਾ ਓਢਵ ਸੰਪੂਰਨ ਰਾਗ ਸ਼ੁੱਧ ਕਲਿਆਨ ਰਾਤ ਦੇ ਪਹਿਲੇ ਪਹਿਰ ਗਾਇਆ ਜਾਂਦਾ ਹੈ। ਆਰੋਹ ਵਿੱਚ ਮੱਧਯਮ ਅਤੇ ਨਿਖਾਦ ਵਰਜਤ ਹਨ, ਅਵਰੋਹ ਭਾਵੇਂ ਸੰਪੂਰਨ ਮੰਨਿਆ ਜਾਂਦਾ ਹੈ ਪਰ ਨਿਖਾਦ ਅਤੇ ਮੱਧਯਮ ਫੇਰ ਵੀ ਅਤੀ ਅਲਪ ਰਹਿੰਦੇ ਹਨ। ਤੀਵਰ ਮੱਧਯਮ ਤੋਂ ਇਲਾਵਾ ਸਾਰੇ ਸੁਰ ਸ਼ੁੱਧ ਹਨ। ਇਸ ਰਾਗ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਸੁਰ ਧੈਵਤ ਹੈ। ਅਵਰੋਹ ਵਿੱਚ ਤੀਵਰ ਮੱਧਯਮ ਅਤੇ ਨਿਖਾਦ ਨਾ ਲਾ ਕੇ ਵੀ ਸ਼ੁੱਧ ਕਲਿਆਨ ਗਾਇਆ ਜਾ ਸਕਦਾ ਹੈ ਪਰ ਇਹ ਸਾਰੀਆਂ ਸੁਰਾਂ ਰਾਗ ਭੁਪਾਲੀ ਦੀਆਂ ਹੋਣ ਕਰਕੇ ਇਸ ਨੂੰ ਭੁਪਾਲੀ ਤੋਂ ਬਚਾਉਣਾ ਸਿਰਫ ਕੁਸ਼ਲ ਗਾਇਕਾਂ ਦਾ ਹੀ ਕੰਮ ਹੈ। ਸ਼ੁੱਧ ਕਲਿਆਨ ਵਿੱਚ ਪੰਚਮ ਅਤੇ ਰਿਖਬ ਦੀ ਸੰਗਤ ਇਸ ਰਾਗ ਨੂੰ ਭੁਪਾਲੀ ਨਾਲੋਂ ਨਿਖੇੜਦੀ ਹੀ ਨਹੀਂ ਸਗੋਂ ਸੁੰਦਰ ਵੀ ਬਣਾਉਂਦੀ ਹੈ।

**ਚਾਲ :** [ਸ]ਗ – [ਗ]ਰ – ਸ ਰ ਸ, ਸ ਧ਼ ਪ਼ ਧ਼ ਪ਼ ਸ, ਸ ਰ – ਸ, ਸ [ਨ]ਧ਼ – ਸ, ਸ ਰ ਗ – [ਗ]ਪ ਗ – ਰ – ਸ ਰ – ਸ, [ਗ]ਰ – ਸ ਗ – ਰ ਗ ਪ ਧ ਪ [ਮੰ]ਗ – [ਗ]ਰ ਗ – ਰ – ਸ, ਸ [ਗ]ਰ [ਗ]ਰ ਗ – ਧ ਪ [ਮੰ]ਗ – ਪ ਗ – ਪ ਰ – ਸ ਰ ਸ, ਗ ਪ ਗ – ਧ ਪ ਗ – ਨ ਧ ਪ [ਮੰ]ਗ – [ਗ]ਰ – ਸ, ਗ ਪ [ਸੰ]ਧ ਸੰ – ਸੰ ਰੰ ਸੰ – ਸੰ ਨ ਧ ਪ ਮੰ ਗ ਰ – ਪ ਰ – ਸ ਰ ਸ।

### ਰਾਗ ਸ਼ੁੱਧ ਕਲਿਆਣ (ਤਿੰਨ ਤਾਲ)

#### ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਗ | ਪ | ਰ | ਰ | – | ਸ | ਸ | ਧ਼ | ਸੁਸੁ | – | ਰ | – | ਗ | – | – | – |
| ਸ | ਤ | ਗੁ | ਰ | ऽ | ਨਾ | ਨ | ਕ | ਦੇਉ | ऽ | ऽ | ऽ | ਹੈ | ऽ | ऽ | ऽ |
| ਪ | ਪ | [ਮੰ]ਗ | – | – | ਪ | – | ਪ | [ਨ]ਧ | – | – | – | ਪ | – | [ਮੰ]ਗ | – |
| ਪ | ਰ | ਮੇ | ऽ | ऽ | ਸ | ऽ | ਰ | ਸੋ | ऽ | ऽ | ऽ | ਈ | ऽ | ऽ | ऽ |
| ਗ | ਪ | ਰ | ਰ | – | ਸ | ਸ | ਰ | ਸੁਸੁ | – | ਰ | – | ਸ | – | – | – |
| ਸ | ਤ | ਗੁ | ਰ | ऽ | ਨਾ | ਨ | ਕ | ਦੇਉ | ऽ | ऽ | ऽ | ਹੈ | ऽ | ऽ | ऽ |
| 0 | | | | 3 | | | | x | | | | 2 | | | |

#### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪ | ਪ | ਗ | – | ਪ | ਪ | [ਨ]ਧ | [ਨ]ਧ | ਸੰ | – | – | ਰੰ | ਸੰ | – | – | – |
| ਗੁ | ਰ | ਅੰ | ऽ | ਗ | ਦ | ਗੁ | ਰ | ਅੰ | ऽ | ऽ | ਗ | ਤੇ | ऽ | ऽ | ऽ |
| ਸੰ | – | [ਰੰ]ਗਂ | ਰੰ | ਸੰ | ਨ | ਧ | ਪ | [ਮੰ]ਪ | – | ਰ | – | ਗ | – | – | – |
| ਜੋ | ऽ | ਤੀ | ऽ | ऽ | ਜੋ | ਤ | ਸ | ਮੋ | ऽ | ऽ | ऽ | ਈ | ऽ | ऽ | ऽ |
| ਸ | ਸ | [ਨ]ਧ਼ | – | – | ਸ | – | ਸ | ਰ | – | – | ਸ | ਸ | – | ਰ | ਗ |
| ਪ | ਰ | ਮੇ | ऽ | ऽ | ਸ | ऽ | ਰ | ਸੋ | ऽ | ऽ | ऽ | ਈ | ऽ | ऽ | ऽ |
| ਗ | ਪ | ਰ | ਰ | | | | | | | | | | | | |
| ਸ | ਤ | ਗੁ | ਰ | | | | | | | | | | | | |
| 0 | | | | 3 | | | | x | | | | 2 | | | |

RNI Regd.No. 46788/89 ISSN 0972-2335

RNI Regd. No.46788/89 ISSN 0972-2335

## ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ

### *ਵਾਰਾਂ ਭਾਈ ਗੁਰਦਾਸ : ਵਾਰ ੩੮ ਪਉੜੀ ੨੦*

ਸਤਿਗੁਰ ਨਾਨਕ ਦੇਉ ਹੈ ਪਰਮੇਸੁਰ ਸੋਈ।
ਗੁਰੁ ਅੰਗਦੁ ਗੁਰੁ ਅੰਗ ਤੇ ਜੋਤੀ ਜੋਤਿ ਸਮੋਈ।
ਅਮਰਾਪਦ ਗੁਰੁ ਅੰਗਦਹੁੰ ਹੁਇ ਜਾਣੁ ਜਣੋਈ।
ਗੁਰੁ ਅਮਰਹੁੰ ਗੁਰੁ ਰਾਮਦਾਸ ਅੰਮ੍ਰਿਤ ਰਸੁ ਭੋਈ।
ਰਾਮਦਾਸਹੁੰ ਅਰਜਨ ਗੁਰੂ ਗੁਰੁ ਸਬਦ ਸਥੋਈ।
ਹਰਿਗੋਵਿੰਦ ਗੁਰੁ ਅਰਜਨਹੁੰ ਗੁਰੁ ਗੋਵਿੰਦ ਹੋਈ।
ਗੁਰਮੁਖ ਸੁਖ ਫਲ ਪਿਰਮ ਰਸ ਸਤਿਸੰਗ ਅਲੋਈ।
ਗੁਰੁ ਗੋਵਿੰਦਹੁੰ ਬਾਹਿਰਾ ਦੂਜਾ ਨਹੀਂ ਕੋਈ ॥੨੦॥੩੮॥

ENGLISH TRANSLATION

Guru Nanak is the true Guru and is God Himself. From the limb of this Guru was created Guru Angad and his flame merged in his (Guru Angad's) flame. From Guru Angad the omniscient Guru Amar Das emerged who was given the status of Guru. From Amar Das came into being Guru Ram Das who was quaffer of the nectar. From Ram Das came Guru Arjan Dev, the companion of the Guru's word. From Guru Arjan emerged Guru Hargobind, Guru and God in one. The gurmukhs in the holy congregation came face to face of the pleasure fruit of loving delight. Nothing in this world is outside the Guru and God.

***(Vaaran Bhai Gurdas: Vaar 38, Pauri 20)***